ISSN 0972-2335

# ਅੰਮ੍ਰਿਤ ਕੀਰਤਨ

ਸਤੰਬਰ 2022




ਗੁਰਦੁਆਰਾ ਫਤਹਿਗੜ੍ਹ ਸਾਹਿਬ



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



| ਬ੍ਰਿਹਨ ਦਾ ਗੀਤ | SONG OF A LOVE-LORN SOUL |
|---|---|

ਕੱਢ ਕੱਢ ਹੰਝੂ ਅੱਖੀਆਂ ਵਿਚੋਂ,
ਹਾਰ ਪ੍ਰੋਤਾ ਤੇਰੇ ਲਈ।
ਕੱਢ ਜਿਗਰਾ ਭੀ ਨਜ਼ਰ ਕਰੇਸਾਂ,
ਜੇ ਸਮਝਾਂ ਤੂੰ ਮੇਰੇ ਲਈ।
ਦੇ ਦੀਦਾਰ ਪਾਵਾਂ ਗਲ ਤੇਰੇ
ਹਾਰ ਪ੍ਰੋਤਾ ਹੰਝੂਆਂ ਦਾ ।
ਸੰਤੋਖ ਕਬੂਲੋ ਭੇਂਟ ਬ੍ਰਿਹਨ ਦੀ,
ਮੈਂ ਕੁਝ ਨਹੀਂ ਆਜਿਜ਼ ਝੇੜੇ ਲਈ।

Collecting rolling tears of mine,
I threaded a garland for my Dear.
Shall make an offering of my heart,
to propitiate the sullen Dear.
With the garland of tears in hand,
and injured body with oozing blood,
anxiously wait for Your glimpse, my Dear.
Accept my paltry offering, Santokh,
and cast Thine gracious glance at me,
as I stand helpless, my Dear.

ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ :15 ਰੁਪਏ
- ▲ ਦੇਸ਼ ਸਾਲਾਨਾ ਚੰਦਾ : 150 ਰੁਪਏ
- ▲ ਜੀਵਨ ਮੈਂਬਰ ਚੰਦਾ: 1500 ਰੁਪਏ
- ▲ ਵਿਦੇਸ਼ : ਸਲਾਨਾ ਚੰਦਾ INR1500
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**
ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ
(ਫੋਨ :0172-4782705, 98150-72197) ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਬ੍ਰਿਹਨ ਦਾ ਗੀਤ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ... ਟਾ-2

ਸੰਪਾਦਕੀ : ਕਰਉ ਬੇਨੰਤੀਆ -
ਹਿਜ਼ ਮਾਸਟਰ'ਸ ਵਰਡਜ਼ ... 2

ਗੁਰਮਤਿ ਸੰਗੀਤ ਵਿਚ ਸ੍ਰੀਮਾਨ ਡਾਕਟਰ ਚਰਨ ਸਿੰਘ ਜੀ ਦੀ ਖੋਜ ਦਾ ਯੋਗਦਾਨ
ਡਾ. ਗੁਰਨਾਮ ਸਿੰਘ ... 4

ਸ਼੍ਰੋਮਣੀ ਰਾਗੀ ਭਾਈ ਉਤੱਮ ਸਿੰਘ ਪਤੰਗ ਜੀ
ਪ੍ਰੋ. ਨਵ ਸੰਗੀਤ ਸਿੰਘ ... 6

ਬਾਬੇ ਤਾਰੇ ਚਾਰ ਚਕਿ
ਜਗਤਾਰਜੀਤ ਸਿੰਘ ... 18

ਤਿੰਨ ਤਾਲ ਕਾਇਦਾ ਸੀਰੀਜ
ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ ਪੰਜਾਬ ਘਰਾਣਾ) ... 20-ਟਾ-3


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਹਿਜ਼ ਮਾਸਟਰ'ਸ ਵਰਡਜ਼
## HIS MASTER'S WORDS
### (ਹਰਜਾਪ ਸਿੰਘ ਔਜਲਾ ਦੀ ਨਵੀਂ ਪੁਸਤਕ)

ਹਰਜਾਪ ਸਿੰਘ ਔਜਲਾ(email-harjapaujla@gmail.com mobile-91 9814906024) ਨੇ ਤੀਹ ਪੈਂਤੀ ਸਾਲ ਅਮਰੀਕਾ ਵਿੱਚ ਰਹਿਣ ਉਪਰੰਤ ਚਾਰ ਪੰਜ ਸਾਲ ਪਹਿਲਾਂ ਮੁਹਾਲੀ ਪੰਜਾਬ ਵਿੱਚ ਆਪਣੀ ਰਿਹਾਇਸ਼ ਰੱਖ ਲਈ ਹੈ। ਆਪ ਦੀਆਂ ਤਿੰਨ ਪੁਸਤਕਾਂ (ਖਾਰ ਓ ਪੁਸ਼ਪ, ਸੁਨਹਿਰੀ ਜ਼ੁਲਫਾਂ ਦੇ ਸਾਏ, ਅਤੇ ਇੱਕ ਪੁਸਤਕ ਅੰਗਰੇਜ਼ੀ ਵਿੱਚ )ਪਹਿਲਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਇਹ ਮੇਰੀ ਸੁਸਤੀ ਹੈ ਕਿ ਮੈ ਇਹਨਾਂ ਪੁਸਤਕਾਂ ਨੂੰ ਨਹੀਂ ਪੜ੍ਹਿਆ। ਉਹਨਾਂ ਨੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਵੱਖ ਵੱਖ ਅਖਬਾਰਾਂ ਲਈ ਆਮ ਜਾਣਕਾਰੀ ਭਰਪੂਰ ਲੇਖ ਲਿਖੇ ਹਨ। ਜਿਵੇਂ ਆਲ ਇੰਡੀਆ ਰੇਡੀਓ, ਅਕਾਸ਼ਵਾਣੀ, ਦੂਰਦਰਸ਼ਨ, ਵਿਰਾਸਤੀ ਸ਼ਹਿਰ, ਹਵਾਈ ਅੱਡੇ, ਕੁਝ ਫਿਲਮੀ ਹਸਤੀਆਂ ਆਦਿ ਅਨੇਕਾਂ ਵਿਸ਼ਿਆਂ ਤੇ ਮਿਆਰੀ ਲੇਖਾਂ ਦੀ ਰਚਨਾ ਕੀਤੀ। ਉਹਨਾਂ ਦੇ ਕੁਝ ਲੇਖ ਅਸੀਂ ਅੰਮ੍ਰਿਤ ਕੀਰਤਨ ਵਿੱਚ ਪ੍ਰਕਾਸ਼ਿਤ ਚੁਕੇ ਹਾਂ।

ਹਰਜਾਪ ਸਿੰਘ ਨੂੰ ਸਿੱਖ ਕੀਰਤਨ ਅਤੇ ਕੀਰਤਨੀਆਂ ਨਾਲ ਜੰਨੂਨ ਦੀ ਹੱਦ ਤਕ ਲਗਾਓ ਹੈ। ਜੇ ਕੋਈ ਕੀਰਤਨੀਆਂ ਉਹਨਾਂ ਨੂੰ ਪਸੰਦ ਆ ਜਾਂਦਾ ਹੈ ਤਾਂ ਉਹ ਉਸ ਦੇ ਕੀਰਤਨ ਬਾਰੇ ਅਤੇ ਉਸ ਦੇ ਨਿਜੀ ਜੀਵਨ ਬਾਰੇ ਹਰ ਇੱਕ ਨਾਲ ਗੱਲ ਬਾਤ ਸ਼ੁਰੂ ਕਰ ਦਿੰਦੇ ਸਨ ਆਪਣੇ ਘੋਖਵੇਂ ਅੰਦਾਜ਼ ਵਿੱਚ ਪ੍ਰਸ਼ਨ ਕਰਦਿਆਂ ਕਾਫੀ ਰੋਚਿਕ ਜਾਣਕਾਰੀ ਪ੍ਰਾਪਤ ਕਰ ਲੈਂਦੇ ਹਨ। ਇਸੇ ਤਰ੍ਹਾਂ ਦੀ ਜਾਣਕਾਰੀ ਭਰਪੂਰ ਸਮੱਗਰੀ ਉਹਨਾਂ ਦੀ ਇਸ ਨਵੀਂ ਪੁਸਤਕ ਵਿੱਚ ਝਲਕ ਰਹੀ ਹੈ। ਅੰਗਰੇਜ਼ੀ ਵਿੱਚ ਲਿਖੀ ਇਹ ਪੁਸਤਕ ਉਹਨਾਂ ਦੀ ਅੰਗਰੇਜ਼ੀ ਭਾਸ਼ਾ ਤੇ ਪਕੜ ਨੂੰ ਤਾਂ ਦਰਸਾਉਂਦੀ ਹੀ ਹੈ ਇਸ ਵਿੱਚ ਲੋਕਾਂ ਦੇ ਜੀਵਨ ਵੇਰਵੇ ਦੇਣ ਦੀ ਮੌਲਿਕ ਸ਼ੈਲੀ ਵੀ ਪ੍ਰਗਟ ਹੋ ਰਹੀ ਹੈ।

ਮੈਨੂੰ ਪਹਿਲੀ ਵਾਰ ਹਰਜਾਪ ਸਿੰਘ ਜੀ 1974 ਵਿੱਚ ਮਿਲੇ ਸਨ। ਮੈਂ ਉਦੋਂ ਚੰਡੀਗੜ੍ਹ ਦੇ ਗੁਰਦੁਆਰਾ 19 ਸੈਕਟਰ ਵਿੱਚ ਕੀਰਤਨ ਕਰਨ ਦੇ ਨਾਲ ਨਾਲ ਗੁਰੂ ਗੋਬਿੰਦ ਸਿੰਘ ਕਾਲਜ ਵਿੱਚ ਲੈਕਚਰਾਰ ਵਜੋਂ ਵੀ ਸੇਵਾ ਕਰ ਰਿਹਾ ਸਾਂ। ਅਸੀਂ ਸ੍ਰ ਕਰਤਾਰ ਸਿੰਘ ਮਾਨ ਜੋ ਉਦੋਂ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਦੇ ਵਿਸ਼ੇਸ਼ ਸਕੱਤਰ ਸਨ ਦੇ ਘਰ ਕੀਰਤਨ ਕਰਨ ਗਏ ਸਾਂ। ਕੀਰਤਨ ਸਮਾਪਤੀ ਤੋਂ ਬਾਅਦ ਹਰਜਾਪ ਸਿੰਘ ਜੀ ਸਾਡੇ ਨਾਲ ਗੱਲਬਾਤ ਕਰਨ ਲੱਗ ਪਏ। ਇਹ ਉਦੋਂ ਸ਼ਾਇਦ ਐਸ ਡੀ ਓ ਸਨ। ਇਹਨਾਂ ਨੇ ਰਬਾਬੀ ਕੀਰਤਨੀਆਂ ਅਤੇ ਭਾਈ ਸਮੁੰਦ ਸਿੰਘ ਜੀ ਦੇ ਕੀਰਤਨ ਬਾਰੇ ਗੱਲ ਬਾਤ ਕਰਦਿਆਂ ਸਾਡੇ ਕੀਰਤਨ ਬਾਰੇ ਵੀ ਚੰਗੀਆਂ ਟਿਪਣੀਆਂ ਕੀਤੀਆਂ। ਫਿਰ 1976 ਵਿੱਚ ਜਦੋਂ ਇਹਨਾਂ ਦੇ ਪਿਤਾ ਜੀ ਦਾ ਦੇਹਾਂਤ ਹੋਇਆ ਤਾਂ ਇਹਨਾਂ ਨੇ ਫਿਰ ਮੈਨੂੰ ਲੱਭ ਲਿਆ ਤੇ ਅਸੀਂ ਉਹਨਾਂ ਦੇ ਪਿਤਾ ਜੀ ਦੇ ਭੋਗ ਤੇ ਕੀਰਤਨ ਕੀਤਾ।

1982 ਵਿੱਚ ਇਹਨਾਂ ਦੇ ਛੋਟੇ ਭਰਾ ਐਸ ਐਸ ਪੀ ਔਜਲਾ ਸਾਹਿਬ ਜੋ ਉਦੋਂ ਚੰਡੀਗੜ੍ਹ ਦੇ ਐਸ ਐਸ ਪੀ ਹੁੰਦੇ ਸਨ, ਉਹ ਮੇਰੇ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਆਏ ਤੇ ਉਹਨਾਂ ਦੱਸਿਆ ਕਿ ਹਰਜਾਪ ਸਿੰਘ ਔਜਲਾ ਅਮਰੀਕਾ ਚਲੇ ਗਏ ਹਨ ਅਤੇ ਉਹ ਤੁਹਾਨੂੰ ਅਮਰੀਕਾ ਗੁਰਦੁਆਰਾ ਸਾਹਿਬ ਕੀਰਤਨ ਕਰਨ ਲਈ ਬੁਲਾਉਣਾ ਚਾਹੁੰਦੇ ਹਨ। ਮੈਂ ਉਦੋਂ ਆਪਣੀ ਬੋਰਡ ਦੀ ਨੌਕਰੀ ਵਿੱਚ ਮਗਨ ਸੀ। ਮੈਂ ਛੋਟੇ ਔਜਲਾ ਸਾਹਿਬ ਨੂੰ ਕਿਹਾ ਕਿ ਮੈਂ ਅਮਰੀਕਾ ਨਹੀਂ ਜਾਣਾ ਚਾਹੁੰਦਾ। ਮੇਰਾ ਤਾਂ ਪਾਸ ਪੋਰਟ ਹੀ ਨਹੀਂ ਬਣਿਆ ਹੋਇਆ ਨਾਲੇ ਮੈਨੂੰ ਸ਼ਾਇਦ ਬੋਰਡ ਵਿੱਚੋਂ ਛੁੱਟੀ ਹੀ ਨਾ ਮਿਲੇ।

ਔਜਲਾ ਸਾਹਿਬ ਨੇ ਕਿਹਾ ਤੁਸੀਂ ਆਪਣਾ ਮਨ ਬਣਾਓ ਬਾਕੀ ਸਾਰੇ ਇੰਤਜ਼ਾਮ ਮੈਂ ਕਰ ਲਵਾਂਗਾ। ਫਿਰ ਉਹਨਾਂ ਨੇ ਹੀ ਮੇਰਾ ਪਾਸਪੋਰਟ ਬਣਵਾਇਆ। ਸ੍ਰ ਭਰਪੂਰ ਸਿੰਘ ਹੋਰੀਂ ਜੋ ਉਦੋਂ ਬੋਰਡ ਦੇ ਚੇਅਰਮੈਨ ਸਨ ਨਾਲ ਗੱਲ ਬਾਤ ਕਰ ਕੇ ਛੁਟੀ ਦਾ ਪ੍ਰਬੰਧ ਕੀਤਾ ਤੇ ਮੈਨੂੰ ਹਰਜਾਪ ਸਿੰਘ ਹੋਰਾਂ ਕੋਲ ਅਮਰੀਕਾ ਪੁਚਾ ਦਿੱਤਾ।

ਮੇਰੀ ਅਮਰੀਕਾ ਯਾਤਰਾ ਬਾਰੇ ਹਰਜਾਪ ਸਿੰਘ ਜੀ ਨੇ ਆਪਣੀ ਇਸ ਪੁਸਤਕ ਵਿੱਚ ਵਿਸਥਾਰ ਸਹਿਤ ਲਿਖਿਆ ਹੈ। ਨਿਊ ਜਰਸੀ ਦੇ ਗੁਰਦੁਆਰਾ ਬਰਿਜਵਾਟਰ ਨਾਲ ਸਬੰਧਤ ਹੁੰਦਿਆਂ ਉਹਨਾਂ ਨੇ ਇਥੇ ਵਧੀਆ ਕਲਾਸੀਕਲ ਕੀਰਤਨ ਕਰਨ ਵਾਲੇ ਟਕਸਾਲੀ ਕੀਰਤਨੀਆਂ ਬੁਲਵਾ ਕੇ ਵਧੀਆ ਕੀਰਤਨ ਨੂੰ ਉਤਸਾਹਿਤ ਕੀਤਾ। ਇੱਥੇ ਦੀਆਂ ਸੰਗਤਾਂ ਨੂੰ ਮਿਆਰੀ ਕੀਰਤਨ ਨਾਲ ਜੋੜਿਆ। ਉਦੋਂ ਨਿਊਯਾਰਕ ਵਿੱਚ ਰਿਚਮੰਡ ਹਿਲ ਗੁਰਦੁਆਰਾ ਵਿੱਚ ਗਿਆਨੀ ਗੁਰਦੀਪ ਸਿੰਘ, ਰਬਿੰਦਰ ਸਿੰਘ ਭਮਰਾ, ਪਰਗਟ ਸਿੰਘ ਜਿਹੇ ਸਿਆਣੇ ਪ੍ਰਬੰਧਕ ਸਨ। ਉਹਨਾਂ ਨਾਲ ਮਿਲਕੇ

ਹਰਜਾਪ ਸਿੰਘ ਜੀ ਚੰਗੇ ਕੀਰਤਨੀਆਂ ਨੂੰ ਉਥੇ ਬੁਲਾਉਂਦੇ ਸਨ। ਇਸ ਨਾਲ ਸੰਗਤਾਂ ਨੂੰ ਮਿਆਰੀ ਕੀਰਤਨ ਸੁਣਨ ਦੀ ਆਦਤ ਪੈ ਗਈ। ਇਹ ਮਿਆਰ ਸ਼ਾਇਦ ਅਜੇ ਵੀ ਕਾਇਮ ਹੈ।

ਹਰਜਾਪ ਸਿੰਘ ਜੀ ਮੌਜੂਦ ਕੀਰਤਨੀਆਂ ਨਾਲ ਕੀਰਤਨ ਅਤੇ ਹੋਰ ਕੀਰਤਨੀਆਂ ਬਾਰੇ ਚਰਚਾ ਕਰਦੇ ਰਹਿੰਦੇ ਸਨ। ਇਸ ਨਾਲ ਜਿਥੇ ਉਹਨਾਂ ਨੂੰ ਗੁਰਮਤਿ ਸੰਗੀਤ ਦਾ ਗਿਆਨ ਹਾਸਲ ਹੋਇਆ ਉਥੇ ਉਹ ਕੀਰਤਨੀਆਂ ਦੇ ਨਿਜੀ ਜੀਵਨ ਬਾਰੇ ਵੀ ਜਾਣਕਾਰੀ ਇੱਕਤਰ ਕਰਦੇ ਰਹਿੰਦੇ ਸਨ। ਇਸ ਪੁਸਤਕ ਵਿੱਚ ਉਹਨਾਂ ਨੇ ਇਸ ਗਿਆਨ ਦਾ ਭਰਪੂਰ ਪ੍ਰਯੋਗ ਕੀਤਾ ਹੈ।

ਮੈਨੂੰ ਪਤਾ ਹੈ ਕਿ ਉਹਨਾਂ ਦੇ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਹੋਰਾਂ ਨਾਲ ਨਿਜੀ ਸਬੰਧ ਸਨ ਇਸੇ ਲਈ ਉਹਨਾਂ ਅਤੇ ਉਹਨਾਂ ਦੇ ਪਰਿਵਾਰ ਬਾਰੇ ਰੌਚਿਕ ਪ੍ਰਸੰਗ ਇਸ ਪੁਸਤਕ ਵਿੱਚ ਦਰਜ ਹੋਏ ਹਨ।

ਉਹਨਾਂ ਦਾ ਫਿਲਮੀ ਦੁਨੀਆਂ ਦੇ ਪ੍ਰਸਿੱਧ ਸੰਗੀਤਕਾਰ ਐਸ੍ਹ ਮਹਿੰਦਰ ਜੀ ਨਾਲ ਵੀ ਵਿਸ਼ੇਸ਼ ਲਗਾਉ ਸੀ ਅਤੇ ਉਹਨਾਂ ਨੂੰ ਗੁਰਦੁਆਰਾ ਸਾਹਿਬ ਵਿੱਚ ਕੀਰਤਨ ਕਰਨ ਲਈ ਬੁਲਾਉਂਦੇ ਰਹਿੰਦੇ ਸਨ। ਉਹਨਾਂ ਕੋਲੋਂ ਅਨੇਕਾਂ ਸੰਗੀਤਕਾਰਾਂ ਅਤੇ ਕੀਰਤਨੀਆਂ ਬਾਰੇ ਜਾਣਕਾਰੀ ਲੈਂਦੇ ਸਨ। ਇਸ ਜਾਣਕਾਰੀ ਦੀ ਵਰਤੋਂ ਆਪਣੀ ਨਿਵੇਕਲੀ ਵਾਰਤਕ ਸ਼ੈਲੀ ਵਿੱਚ ਕਰਦੇ ਰਹਿੰਦੇ ਹਨ।

ਇਸ ਪੁਸਤਕ ਵਿੱਚ ਹਰਜਾਪ ਸਿੰਘ ਜੀ ਨੇ ਆਪਣੇ ਨਿਜੀ ਨਜ਼ਰੀਏ ਤੋਂ ਗੁਰਮਤਿ ਸੰਗੀਤ ਦੀ ਪਰੰਪਰਾ ਦਾ ਵਰਣਨ ਕੀਤਾ ਹੈ ਅਤੇ ਨਾਲ ਹੀ ਕੀਰਤਨੀਆਂ ਦੀ ਜੀਵਨੀ ਲਿਖਦਿਆਂ ਵੀ ਉਹ ਕੀਰਤਨ ਪਰੰਪਰਾ ਬਾਰੇ ਟਿਪਣੀਆਂ ਕਰਦੇ ਹਨ। ਹਰਜਾਪ ਸਿੰਘ ਜੀ ਨੇ ਇਸ ਪੁਸਤਕ ਵਿੱਚ ਗੁਰਮਤਿ ਸੰਗੀਤ ਦੀ ਪ੍ਰਮਾਣੀਕ ਸਿਧਾਂਤਕ ਜਾਣਕਾਰੀ ਨਹੀਂ ਦਿੱਤੀ। ਇਸ ਵਿੱਚ ਉਹਨਾਂ ਨੇ ਜੋ ਸੰਗੀਤਕਾਰਾਂ ਅਤੇ ਕੀਰਤਕਕਾਰਾਂ ਪਾਸੋਂ ਮੌਖਿਕ ਰੂਪ ਵਿੱਚ ਗਿਆਨ ਹਾਸਲ ਕੀਤਾ ਉਸਨੂੰ ਆਪਣੇ ਨਿਜੀ ਨਜ਼ਰੀਏ ਤੋਂ ਪੇਸ਼ ਕੀਤਾ ਹੈ। ਇਸ ਲਈ ਹੋ ਸਕਦਾ ਹੈ ਇਸ ਪੁਸਤਕ ਨੂੰ ਪੜ੍ਹਦਿਆਂ ਕਈ ਪਾਠਕਾਂ ਨੂੰ ਵਿਚਾਰਾਂ ਦੀ ਭਿੰਨਤਾ ਮਹਿਸੂਸ ਹੋਵੇ।

ਇਸ ਪੁਸਤਕ ਵਿੱਚ ਉਹਨਾਂ ਨੇ ਪੁਰਾਣੇ ਅਤੇ ਨਵੇਂ ਕੀਰਤਨੀਆਂ ਦਾ ਜ਼ਿਕਰ ਕੀਤਾ ਹੈ। ਭਾਈ ਜਵਾਲਾ ਸਿੰਘ,ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ, ਭਾਈ ਪਿਆਰਾ ਸਿੰਘ,ਭਾਈ ਅਵਤਾਰ ਸਿੰਘ-ਭਾਈ ਗੁਰਚਰਨ ਸਿੰਘ,ਭਾਈ ਕੁਲਤਾਰ ਸਿੰਘ,ਭਾਈ ਬਖਸ਼ੀਸ਼ ਸਿੰਘ,ਭਾਈ ਬਲਬੀਰ ਸਿੰਘ,ਭਾਈ ਧਰਮ ਸਿੰਘ ਜ਼ਖਮੀ,ਭਾਈ ਦੀਦਾਰ ਸਿੰਘ, ਭਾਈ ਪ੍ਰਿਥੀਪਾਲ ਸਿੰਘ-ਭਾਈ ਮੋਹਨਪਾਲ ਸਿੰਘ, ਭਾਈ ਦਿਲਬਾਗ ਸਿੰਘ-ਭਾਈ ਗੁਲਬਾਗ ਸਿੰਘ,ਭਾਈ ਨਿਰਮਲ ਸਿੰਘ ਖਾਲਸਾ, ਡਾਕਟਰ ਜਾਗੀਰ ਸਿੰਘ,ਗਿਆਨੀ ਅਬਦੁਲਾ, ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ,ਡਾਕਟਰ ਗੁਰਨਾਮ ਸਿੰਘ,ਭਾਈ ਗੁਰਮੀਤ ਸਿੰਘ ਸ਼ਾਂਤ ਆਦਿ।

ਇਸ ਪੁਸਤਕ ਦੀ ਪੇਸ਼ਕਾਰੀ ਸਰਲ ਹੈ। ਆਮ ਕੀਰਤਨ ਸਰੋਤਿਆਂ ਨੂੰ ਵੀ ਕੀਰਤਨ ਅਤੇ ਕੀਰਤਨੀਆਂ ਬਾਰੇ ਆਪਣੇ ਅਨੁਭਵ ਲਿਖਣ ਲਈ ਪ੍ਰੇਰਨਾ ਮਿਲ ਸਕਦੀ ਹੈ।

ਪੁਸਤਕ ਦੀ ਕੀਮਤ 695 ਰੁਪਏ ਹੈ ਅਤੇ ਇਸ ਨੂੰ ਹੇਠ ਲਿਖੇ ਐਡਰੈਸ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ-

The Book is available on Amazon.

CONTACT US

**The Browser**, Bookstore - Publishing

SCO 14-15, First Floor, Sector 8-C, Madhya Marg, Chandigarh- 160009

Ph: 9878799100, 09888304261, 9988421860

www.thebrowser.org service@thebrowser.org

ਇਹ ਪੁਸਤਕ ਦੇਸ ਵਿਦੇਸ਼ ਦੇ ਕੀਰਤਨ ਪ੍ਰੇਮੀਆਂ ਲਈ ਇੱਕ ਵਡਮੁੱਲੀ ਸੁਗਾਤ ਹੈ।

ਭੁੱਲ ਚੁੱਕ ਖਿਮਾ

# ਗੁਰਮਤਿ ਸੰਗੀਤ ਵਿਚ ਸ੍ਰੀਮਾਨ ਡਾਕਟਰ ਚਰਨ ਸਿੰਘ ਜੀ ਦੀ ਖੋਜ ਦਾ ਯੋਗਦਾਨ

**ਡਾ. ਗੁਰਨਾਮ ਸਿੰਘ**

ਗੁਰਮਤਿ ਅਤੇ ਪੰਜਾਬੀ ਸਾਹਿਤ ਦੇ ਪ੍ਰਮੁੱਖ ਵਿਦਵਾਨ ਅਤੇ ਕਵੀ ਭਾਈ ਵੀਰ ਸਿੰਘ ਜੀ ਦੇ ਪਿਤਾ ਡਾ. ਭਾਈ ਚਰਨ ਸਿੰਘ ਜੀ ਨੇ ਗੁਰਮਤਿ ਸੰਗੀਤ ਦੇ ਵਿਸ਼ੇ 'ਤੇ ਵੀ ਵਿਸ਼ੇਸ਼ ਖੋਜ ਕੀਤੀ। ਚੀਫ ਖਾਲਸਾ ਦੀਵਾਨ ਦੇ ਉੱਦਮ ਅਤੇ ਡਾ. ਭਾਈ ਬਲਬੀਰ ਸਿੰਘ ਦੇ ਸਹਿਯੋਗ ਨਾਲ ਇਸ ਖੋਜ ਨੂੰ 'ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੁਸਤਕ ਵਿਚ ਵਿਸ਼ੇਸ਼ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਖੋਜ ਭਰਪੂਰ ਪੁਸਤਕ ਵਿਚ ਸਰਬਪ੍ਰਥਮ 'ਬਾਣੀ ਬਿਉਰੋ ਦੀ ਉਥਾਨਕਾ' ਸਬੰਧੀ ਗੰਭੀਰ ਵਿਚਾਰ ਚਰਚਾ ਕੀਤੀ ਗਈ ਹੈ।

ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ ਪੁਸਤਕ ਸੰਗ੍ਰਹਿ ਦੇ ਅੰਤਰਗਤ 'ਸ੍ਰੀਮਾਨ ਡਾਕਟਰ ਚਰਨ ਸਿੰਘ ਜੀ ਦੀ ਖੋਜ' ਚੌਥੇ ਭਾਗ ਦੇ ਰੂਪ ਵਿਚ ਦਰਜ ਹੈ। ਇਸ ਭਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗਾਂ ਉਤੇ ਡਾ. ਚਰਨ ਸਿੰਘ ਦੀ ਵਿਧੀਵਤ ਭਰੀ ਖੋਜ ਦਰਜ ਹੈ। ਇਸ ਤੋਂ ਇਲਾਵਾ ਇਸ ਵਿਚ ਨੌਂ ਧੁਨਾਂ ਦੀਆਂ ਵਾਰਾਂ ਦਾ ਵਿਸਥਾਰਪੂਰਵਕ ਵਰਣਨ ਵੀ ਅੰਕਿਤ ਕੀਤਾ ਗਿਆ ਹੈ। ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ ਪੁਸਤਕ ਦੇ ਹਵਾਲੇ ਨਾਲ ਇਸ ਵਿਚ ਦਰਜ ਨੌਂ ਧੁਨੀਆਂ ਨੂੰ ਭਾਈ ਸਾਹਿਬ ਨੇ ਅਨੇਕਾਂ ਮੌਸੀਕੀ ਦੀਆਂ ਪੁਸਤਕਾਂ ਅਤੇ ਰਾਗੀ ਸਿੰਘ ਪਾਸੋਂ ਪ੍ਰਾਪਤ ਕੀਤੀਆਂ ਹਨ। ਪੁਸਤਕ ਦੀ ਆਰੰਭਤਾ 'ਬਾਣੀ ਬਿਉਰੋ ਦੀ ਉਥਾਨਕਾ' ਨਾਲ ਹੁੰਦੀ ਹੈ। ਉਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨੌਂ ਵਾਰਾਂ ਉਤੇ ਅੰਕਿਤ ਨੌਂ ਧੁਨੀਆਂ ਦਾ ਵਰਨਣ ਗੁਰੂ ਗ੍ਰੰਥ ਸਾਹਿਬ ਵਿਚ ਵਾਰਾਂ ਦੇ ਨਾਲ ਦਰਜ ਪਉੜੀ ਦੀ ਸੰਖੇਪਿਤ ਜਾਣਕਾਰੀ, ਗੁਰੂ ਗ੍ਰੰਥ ਸਾਹਿਬ ਜੀ ਦੇ 31 ਮੁੱਖ ਰਾਗਾਂ ਬਾਰੇ ਖੋਜ ਭਰਪੂਰ ਸੰਖੇਪਿਤ ਜਾਣਕਾਰੀ, ਗੁਰੂ ਗ੍ਰੰਥ ਸਾਹਿਬ ਦੀ ਅੰਤਿਮ ਰਚਨਾ ਰਾਗਮਾਲਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਤੋਂ ਇਲਾਵਾ 'ਰਹੋਏ ਕੈ ਛੰਤਾ ਕੇ ਘਰ', ਰਹਾਉ ਆਦਿ ਬਾਰੇ ਡਾ. ਚਰਨ ਸਿੰਘ ਦੇ ਵਿਦਵਤਾ ਭਰਪੂਰ ਖੋਜ ਲੇਖ ਦਰਜ ਹਨ।

ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ ਦੇ ਇਸ ਚੌਥੇ ਭਾਗ ਦੇ ਅੰਤਰਗਤ 'ਬਾਣੀ ਬਿਉਰੋ ਦੀ ਉਥਾਨਕਾ' ਸਿਰਲੇਖ ਅਧੀਨ ਡਾ. ਚਰਨ ਸਿੰਘ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਗੁਰੂ ਘਰ ਦੇ ਕੀਰਤਨੀਆ ਵਿਚ ਰਾਗਦਾਰੀ ਨੂੰ ਲੈ ਕੇ ਆ ਰਹੇ ਨਿਗਾਰ ਸੰਬੰਧੀ ਵਿਸ਼ਿਆਂ ਤੇ ਚਾਨਣਾ ਪਾਇਆ ਗਿਆ ਹੈ। 'ਧੁਨਾਂ' ਸਿਰਲੇਖ ਹੇਠ ਦਰਜ ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ 'ਤੇ ਨੌਂ ਧੁਨਾਂ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ, ਰਾਇ ਕਮਾਲ ਦੀ ਮੌਜਦੀ ਕੀ ਵਾਰ ਕੀ ਧੁਨਿ, ਟੁੰਡੇ ਅਸਰਾਜੈ ਕੀ ਧੁਨੀ, ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ, ਲਲਾ ਬਹਲੀਮਾ ਕੀ ਧੁਨਿ, ਜੋਧੇ ਵੀਰੈ ਪੂਰਬਾਣੀ ਦੀ ਧੁਨਿ, ਰਾਇ ਮਹਮੇ ਹਸਨੇ ਕੀ ਧੁਨਿ, ਰਾਣੈ ਕੈਲਾਸ ਤਥਾ ਮਾਲਦੇ ਕੀ ਧੁਨਿ, ਮੂਸੇ ਕੀ ਵਾਰ ਕੀ ਧੁਨੀ ਬਾਰੇ ਵਿਸਥਾਰ ਪੂਰਵਕ ਖੋਜ ਲੇਖ ਅੰਕਿਤ ਹਨ। ਇਨ੍ਹਾਂ ਧੁਨੀਆਂ ਬਾਰੇ ਇਨ੍ਹਾਂ ਦਾ ਪਿਛੋਕੜ ਕੀ ਰਿਹਾ ਹੈ, ਉਸ ਬਾਰੇ ਵਿਸਤ੍ਰਿਤ ਜਾਣਕਾਰੀ ਨੂੰ ਵੀ ਕਲਮਬੱਧ ਕੀਤਾ ਗਿਆ ਹੈ।

ਉਕਤ ਨੌ ਧੁਨਾਂ ਦੀ ਕਥਾ ਨੂੰ ਇਤਿਹਾਸਕ ਪਰਿਪੇਖ ਵਿਚ ਬਿਆਨ ਕੀਤਾ ਗਿਆ ਹੈ। ਇਨ੍ਹਾਂ ਨੌ ਧੁਨੀਆਂ ਦੀ ਮੂਲ ਵਾਰਾਂ ਵਿਚੋਂ ਇਕ-ਇਕ ਪਉੜੀ ਨੂੰ ਵੀ ਇਸ ਪੁਸਤਕ ਵਿਚ ਅੰਕਿਤ ਕੀਤਾ ਗਿਆ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਸਬੰਧੀ ਅਧਿਐਨ ਲਈ ਵਿਸ਼ੇਸ਼ ਹੈ।

ਨੌ ਵਾਰਾਂ ਦੀਆਂ ਇਨਾਂ ਧੁਨੀਆਂ ਨੂੰ ਗਾਉਣ ਲਈ ਭਾਈ ਪ੍ਰੇਮ ਸਿੰਘ ਵਲੋਂ ਤਿਆਰ ਕੀਤੀਆਂ ਗਈਆਂ ਸੁਰਲਿਪੀਆਂ ਵੀ ਫੁਟਨੋਟ ਵਿਚ ਪ੍ਰਸਤੁਤ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਡਿਕੋਡ ਕਰਕੇ ਅਸੀਂ ਇਨ੍ਹਾਂ ਵਾਰਾਂ ਦੀਆਂ ਧੁਨਾਂ ਦੇ ਇਕ ਸੰਗੀਤਕ ਸਰੂਪ ਦੇ ਨੇੜੇ ਪਹੁੰਚ ਸਕਦੇ ਹਾਂ।

ਪਉੜੀ, ਰਾਗਮਾਲਾ, ਰਹਾਉ ਬਾਰੇ ਵਰਣਾਤਮਕ ਵਿਸ਼ਲੇਸ਼ਣ ਕੀਤਾ ਗਿਆ ਹੈ । 31 ਰਾਗਾਂ ਸਬੰਧੀ ਜਾਣਕਾਰੀ ਦਿਤੀ ਗਈ ਹੈ।

'ਪਉੜੀ' ਸ਼ਬਦ ਨੂੰ ਪਰਿਭਾਸ਼ਿਤ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗਾਂ ਦਾ ਆਰੋਹ ਅਵਰੋਹ, ਵਾਦੀ ਸੰਵਾਦੀ ਆਦਿ ਬਾਰੇ ਵਿਸਤ੍ਰਿਤ ਜਾਣਕਾਰੀ ਦਰਜ ਹੈ ਜਿਨ੍ਹਾਂ ਦੀ ਕਬਿਤ ਅਤੇ ਸੰਗੀਤ ਗ੍ਰੰਥਾਂ ਵਿਚ ਦਰਜ ਸਲੋਕਾਂ ਰਾਹੀਂ ਵਿਆਖਿਆ ਕੀਤੀ ਹੈ ਜਿਵੇਂ ਰਾਗ ਸਿਰੀ ਬਾਰੇ ਦਰਜ ਹੈ,

ਸ਼ੁਭ ਤ੍ਰਿਯ ਭੂਖਨ ਅਮਗ ਸ਼ੁਭ, ਸੰਪੂਰਨ ਪਰਮਾਨ।
ਤੀਨ ਪਹਰ ਪਰ ਗਾਈਏ ਸਕਲ ਕਹੈਂ ਸੁ ਗਯਾਨ।

ਗੁਰੂ ਗ੍ਰੰਥ ਸਾਹਿਬ ਦੇ ਮੁੱਖ 31 ਰਾਗਾਂ ਬਾਰੇ ਕਬਿਤ ਦਰਜ ਹੈ।
ਸਿਰੀ, ਮਾਝ, ਗੌਰੀ, ਆਸਾ, ਗੂਜਰੀ, ਗੰਧਾਰੀ ਦੇਵ,
ਬਿਹਾਗੜਾ, ਵਡਹੰਸ, ਸੋਰਠ ਕੋ ਜਾਨੀਏ।
ਧਨਾਸਿਰੀ, ਜੈਤਸਿਰੀ, ਜੈਜਾਵੰਤੀ, ਟੋਡੀ ਜਾਨ,
ਬੈਰਾੜੀ, ਤਿਲੰਗ, ਸੂਹੀ, ਬਿਲਾਵਲ ਬਖਾਨੀਏ।
ਗੌਂਡ, ਰਾਮਕਲੀ, ਨਟ, ਮਾਲੀਗੌੜਾ, ਮਾਰੂ ਰਾਗ,
ਤੁਖਾਰੀ, ਕਿਦਾਰਾ, ਭੈਰੋ, ਮਾਧੋ, ਸਾਰਿੰਗਾਨੀਏ।
ਕਾਨੜਾ, ਮਲਾਰ, ਕਲਿਆਨ, ਪਰਭਾਤੀ ਰਾਗ,
ਯਾਹੀ ਇਕਤੀਸਨ ਮੈਂ ਬਿਵਰਾ ਪ੍ਰਮਾਨੀਏ।

ਰਾਗ ਮਾਲਾ ਦੇ ਮਹੱਤਵਪੂਰਨ ਵਿਸ਼ੇ ਉਪਰ ਇਸ ਪੁਸਤਕ ਦੇ ਅੰਤਰਗਤ ਡਾ. ਚਰਨ ਸਿੰਘ ਜੀ ਦੀ ਸੰਗੀਤ ਦੇ ਹਵਾਲੇ ਨਾਲ ਮਹੱਤਵਪੂਰਨ ਖੋਜ ਦਰਜ ਹੈ ਜਿਸ ਵਿਚ ਆਪ ਦੁਆਰਾ ਵੱਖ-ਵੱਖ ਰਾਗਮਾਲਾ ਦੇ ਮੱਤਾਂ ਨੂੰ ਪਰਖਿਆ, ਵਿਚਾਰਿਆ ਤੇ ਆਪਣੇ ਨਤੀਜੇ ਅੰਕਿਤ ਕੀਤੇ। 'ਰਹੋਏ ਕੈ ਛੰਤਾ ਕੇ ਘਰ' ਸਿਰਲੇਖ ਅਧੀਨ ਇਸ ਪੁਸਤਕ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਏਕ 'ਸੁਆਨੁ ਘਰਿ ਗਾਵਣਾ' ਅਤੇ 'ਪਹਿਰਿਆਂ ਕੈ ਘਰਿ ਗਾਵਣਾ' ਆਦਿ ਮਹੱਤਵਪੂਰਨ ਵਿਸ਼ਿਆਂ ਬਾਰੇ ਵਿਦਵਤਾ ਭਰੀ ਇਤਿਹਾਸਕ ਜਾਣਕਾਰੀ ਅੰਕਿਤ ਹੈ। ਡਾ. ਭਾਈ ਚਰਨ ਸਿੰਘ ਦੀ ਇਹ ਖੋਜ ਗੁਰਮਤਿ ਸੰਗੀਤ ਸਬੰਧੀ ਸਿਧਾਂਤਕ ਤੇ ਕਿਰਿਆਤਮਕ ਖੋਜ ਕਰਨ ਵਾਲੇ ਵਿਦਵਾਨਾਂ ਲਈ ਵਿਸ਼ੇਸ਼ ਸਰੋਤ ਹੈ, ਅਜਿਹਾ ਸਾਡਾ ਵਿਸ਼ਵਾਸ ਹੈ। ਉਮੀਦ ਹੈ ਸਮੂਹ ਖੋਜਾਰਥੀ ਅਤੇ ਗੁਰਮਤਿ ਸੰਗੀਤ ਪ੍ਰੇਮੀ ਇਸ ਮਹੱਤਵਪੂਰਨ ਗੁਰਮਤਿ ਸੰਗੀਤ ਕਾਰਜ ਦਾ ਜ਼ਰੂਰ ਅਧਿਐਨ ਕਰਨਗੇ।

**ਬਾਨੀ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸ਼੍ਰੋਮਣੀ ਰਾਗੀ ਭਾਈ ਉਤੱਮ ਸਿੰਘ ਪਤੰਗ ਜੀ

**ਪ੍ਰੋ. ਨਵ ਸੰਗੀਤ ਸਿੰਘ**

ਗੁਰਮਤਿ ਸੰਗੀਤ ਪਰੰਪਰਾ ਇੱਕ ਨਿਵੇਕਲੀ ਸੰਗੀਤ-ਪਰੰਪਰਾ ਹੈ, ਜਿਸ ਦਾ ਸ਼ੁਭਾਰੰਭ ਸਿੱਖ ਗੁਰੂ ਸਾਹਿਬਾਨ ਵਲੋਂ ਕੀਤਾ ਗਿਆ ਹੈ। ਸਿੱਖ ਧਰਮ ਦੇ ਪਰਵਰਤਕ ਸ਼ਾਇਰ ਗੁਰੂ ਨਾਨਕ ਦੇਵ ਜੀ (1469-1539 ਈ।) ਨੇ ਆਪਣੀ ਬਾਣੀ ਨੂੰ ਨਿਰਧਾਰਿਤ ਰਾਗਾਂ ਵਿਚ ਰਚਿਆ ਅਤੇ ਬਾਅਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ (1604 ਈ।) ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ (1563-1606 ਈ।) ਨੇ ਇੱਕ ਪਰਿਪੱਕ ਸੰਪਾਦਕ ਵਜੋਂ ਸਮੁੱਚੀ ਬਾਣੀ ਨੂੰ ਵਿਭਿੰਨ ਰਾਗਾਂ ਵਿਚ ਵਿਉਂਤਬੱਧ ਕੀਤਾ। ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਸੰਗੀਤ ਪਰੰਪਰਾ ਦੀ ਸ਼ੁਰੂਆਤ ਵਜੋਂ ਭਾਈ ਮਰਦਾਨਾ ਜੀ ਦੇ ਰਾਹੀਂ (ਫਿਰੰਦੀਆ) ਰਬਾਬ ਨੂੰ ਹੋਂਦ ਵਿਚ ਲਿਆਂਦਾ, ਜਦ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੰਦਾ ਨੂੰ ਸੰਗੀਤ ਸਾਜ਼ ਵਜੋਂ ਅਪਣਾਇਆ।

ਇਉਂ ਗੁਰਮਤਿ ਸੰਗੀਤ ਪਰੰਪਰਾ ਕਰੀਬ ਸਵਾ ਦੋ ਸੌ ਸਾਲਾਂ ਤੋਂ ਵਧੀਕ ਸਮੇਂ ਤਕ ਵਿਅਕਤੀ ਵਿਸ਼ੇਸ਼ ਦੇ ਅੰਗ-ਸੰਗ ਰਹੀ ਅਤੇ ਪਿਛੋਂ ਗੁਰੂ ਘਰ ਨਾਲ ਸੰਬੰਧਿਤ ਕੀਰਤਨਕਾਰਾਂ ਨੇ ਇਸ ਪਰੰਪਰਾ ਨੂੰ ਸੁਰਜੀਤ ਰੱਖਿਆ। ਗੁਰਬਾਣੀ ਵਿਚ ਕੀਰਤਨ ਨਿਰਮੋਲਕ ਹੀਰਾ', ''ਕਲਜੁਗ ਮਹਿ ਕੀਰਤਨ ਪਰਧਾਨਾ,'' ਗੁਰਦੁਆਰੈ ਹਰਿ ਕੀਰਤਨ ਸੁਣੀਐ' ਅਤੇ ਹਰਿ ਕੀਰਤਨੁ ਗਾਵਹੁ ਦਿਨ ਰਾਤੀ ਸਫਲ ਏਹਾ ਹੈ ਕਾਰੀ ਜੀਉ', (ਮਾਝ ਮਹਲਾ ੫, ੧੦) ਆਦਿ ਰਾਹੀਂ ਕੀਰਤਨ ਦੀ ਪ੍ਰਮੁੱਖਤਾ ਨੂੰ ਸਵੀਕਾਰ ਕੀਤਾ ਗਿਆ ਹੈ। ਸ਼ਾਸਤਰਾਂ ਵਿਚ ਨੌ ਪ੍ਰਕਾਰ ਦੀ ਭਗਤੀ ਦਾ ਜ਼ਿਕਰ ਮਿਲਦਾ ਹੈ, ਜਿਸ ਵਿਚ ਕੀਰਤਨ ਨੂੰ ਪ੍ਰਭੂ-ਭਗਤੀ ਨੂੰ ਸਭ ਤੋਂ ਉਤੱਮ ਸਾਧਨ ਮੰਨਿਆ ਗਿਆ ਹੈ। ਇਸ ਪ੍ਰਕਾਰ ਕੀਰਤਨ ਕਰਨਾ ਅਤੇ ਕੀਤਰਨ ਸੁਣਨਾ ਹੀ ਸਰਵੋਤਮ ਭਗਤੀ ਹੈ।

ਗੁਰਬਾਣੀ ਕੀਰਤਨ ਪਰੰਪਰਾ ਨੂੰ ਪੂਰਨ ਰੂਪ ਵਿਚ ਸਮਰਪਿਤ ਭਾਈ ਉਤੱਮ ਸਿੰਘ ਪਤੰਗ ਜੀ ਅਜਿਹੇ ਚੋਣਵੇਂ ਕੀਰਤਨੀਆਂ ਵਿਚੋਂ ਹੋ ਗੁਜਰੇ ਹਨ, ਜਿਨ੍ਹਾਂ ਨੇ ਜੀਵਨ-ਭਰ ਸਿਧਾਂਤਕ ਤੇ ਵਿਹਾਰਕ ਰੂਪ ਵਿਚ ਸ਼ਬਦ-ਕੀਰਤਨ ਦੀ ਸੇਵਾ ਜਾਰੀ ਰੱਖੀ। ਪਰੰਪਰਾਗਤ ਟਕਸਾਲੀ ਕੀਰਤਨ ਮਰਯਾਦਾ ਦਾ ਪ੍ਰਚਾਰ ਤੇ ਪ੍ਰਸਾਰ ਉਮਰ ਭਰ ਆਪ ਦਾ ਜੀਵਨ੍ਲਕਸ਼ ਰਿਹਾ। ਸ਼ੁੱਧ, ਸਪਸ਼ਟ ਤੇ ਰਾਗਬੱਧ ਬਾਣੀ ਆਪ ਦੇ ਗਾਇਨ ਦੀ ਵਿਲੱਖਣਤਾ ਰਹੀ।

ਇਸਤੋਂ ਪਹਿਲਾਂ ਕਿ ਅਸੀਂ ਭਾਈ ਉਤੱਮ ਸਿੰਘ ਪਤੰਗ ਹੁਰਾਂ ਦੇ ਜੀਵਨ, ਸ਼ਖਸੀਅਤ ਗਾਇਨ-ਸ਼ੈਲੀ ਦਾ ਨਿਕਟ ਅਧਿਐਨ ਕਰੀਏ, ਉਨ੍ਹਾਂ ਦਾ ਬੰਸਾਵਲੀਨਾਮਾ ਜਾਣ ਲੈਣਾ ਲਾਭਕਾਰੀ ਹੋਵੇਗਾ:

ਬਾਬਾ ਰਾਮ ਸਿੰਘ (1817-1881 ਈ।)

ਬਾਬਾ ਜੋਤੀ ਸਿੰਘ (1842-1919 ਈ।)

ਬਾਬਾ ਸੋਹਨ ਸਿੰਘ (1862-1907 ਈ।)

ਬਾਬਾ ਗੁਰਮੁਖ ਸਿੰਘ (1884-1960 ਈ।)

ਗਿਆਨੀ ਤਖਤ ਸਿੰਘ , ਭਾਈ ਉਤੱਮ ਸਿੰਘ , ਕੈਪਟਨ ਅਮਰੀਕ ਸਿੰਘ , ਸ. ਗੁਰਬਚਨ ਸਿੰਘ

ਡਾ. ਜਾਗੀਰ ਸਿੰਘ, ਡਾ.ਬਚਿੱਤਰ ਸਿੰਘ, ਡਾ.ਗੁਰਨਾਮ ਸਿੰਘ

ਭਾਈ ਉਤੱਮ ਸਿੰਘ ਪਤੰਗ ਦਾ ਜਨਮ 10 ਜੁਲਾਈ 1928 ਈ। ਨੂੰ ਪਿੰਡ ਗੋਬਿੰਦਪੁਰ, 16 ਚੱਕ, ਤਹਿਸੀਲ ਫਾਲੀਆ, ਜਿਲਾ ਗੁਜਰਾਤ (ਪਾਕਿਸਤਾਨ) ਵਿਖੇ ਪਿਤਾ ਸ।ਗੁਰਮੁਖ ਸਿੰਘ ਦੇ ਗ੍ਰਹਿ ਵਿਖੇ ਮਾਤਾ ਸ੍ਰੀਮਤੀ ਠਾਕਰ ਕੌਰ ਦੀ ਕੁੱਖੋਂ ਹੋਇਆ। ਆਪਨੇ ਸੰਗੀਤ ਦੀ ਮੁੱਢਲੀ ਵਿੱਦਿਆ ਉਸਤਾਦ ਪਿਆਰੇ ਖਾਂ (ਗੁਜਰਾਤ ਨਿਵਾਸੀ), ਸੰਤ ਨਿਹਾਲ ਸਿੰਘ ਸੰਗੀਤ ਵਿਦਿਆਲਾ ਮੰਡੀ ਬਹਾਵਲਦੀਨ, ਭਾਈ ਭੋਲਾ ਸਿੰਘ ਗੋਬਿੰਦਪੁਰੀ ਅਤੇ ਗੁਰਮਤਿ ਸੰਗੀਤ ਦੀ ਵਿੱਦਿਆ ਆਪਣੇ ਪਿਤਾ ਭਾਈ ਗੁਰਮੁਖ ਸਿੰਘ ਪਾਸੋਂ ਪ੍ਰਾਪਤ ਕੀਤੀ। ਭਾਈ ਸਾਹਿਬ ਦੇ ਦੋ ਹੋਰ ਭਰਾ (ਅਮਰੀਕ ਸਿੰਘ ਅਤੇ ਗੁਰਬਚਨ ਸਿੰਘ) ਵੀ ਆਪ ਨਾਲ ਕੁਝ ਸਮਾਂ ਕੀਰਤਨ ਕਰਦੇ ਰਹੇ। ਇਸ ਤਰ੍ਹਾਂ ਪ੍ਰਤੱਖ ਹੁੰਦਾ ਹੈ ਕਿ ਭਾਈ ਗੁਰਮੁਖ ਸਿੰਘ ਵਲੋਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਦਿਤਾ ਗਿਆ ਇਹ ਯੋਗਦਾਨ ਵਰਤਮਾਨ ਸਮੇਂ ਉਨ੍ਹਾਂ ਦੇ ਤਿੰਨੇ ਪੋਤਿਆਂ (ਡਾ. ਜਾਗੀਰ ਸਿੰਘ, ਡਾ. ਬਚਿੱਤਰ ਸਿੰਘ ਅਤੇ ਡਾ. ਗੁਰਨਾਮ ਸਿੰਘ) ਵਿਚ ਵੀ ਸਜੀਵ ਰੂਪ ਵਿਚ ਕਾਰਜ਼ਸ਼ੀਲ ਹੈ। ਭਾਈ ਪਤੰਗ ਜੀ ਦੇ ਵੱਡੇ-ਵਡੇਰੇ ਰਾਜਸਥਾਨ ਤੋਂ ਮਹਾਰਾਜਾ ਰਣਜੀਤ ਸਿੰਘ ਦੀ ਫੋਜ ਵਿਚ ਭਰਤੀ ਹੋ ਗਏ ਸਨ। ਪਿਛੋਂ ਉਨ੍ਹਾਂ ਨੂੰ ਝਨਾਂ ਦੇ ਕੰਢੇ ਜ਼ਮੀਨ ਅਲਾਟ ਹੋ ਗਈ। ਉਨਾਂ ਨੇ ਪੰਜਾਬ ਅਤੇ ਯੂ. ਪੀ ਵਿਖੇ ਕਈ ਥਾਵਾਂ ਤੇ ਕਿਰਸਾਨੀ ਦਾ ਕੰਮ ਕੀਤਾ। ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਜੋਂ ਆਪਦੇ ਪੜਦਾਦਾ ਬਾਬਾ ਰਾਮ ਸਿੰਘ ਜੀ ਨੇ ਅਧਿਆਤਮ ਅਤੇ ਸੰਗੀਤ ਦਾ ਮਾਰਗ ਚੁਣ ਲਿਆ। ਪਿਛੋਂ ਇਹ ਘਰਾਣਾ ਗੁਰਮਤਿ ਸੰਗੀਤ ਨੂੰ ਸਮਰਪਿਤ ਹੋ ਗਿਆ। ਜਿਵੇਂ ਕਿ ਮੰਨਿਆ ਜਾਂਦਾ ਹੈ ਕਿ ਬ੍ਰਿਛ ਦੀ ਪਹਿਚਾਣ ਉਸਦੇ ਬੀਜ ਤੋਂ ਹੀ ਹੋ ਜਾਂਦੀ ਹੈ, ਤਿਵੇਂ ਹੀ ਬੀਜ-ਰੂਪੀ ਬਾਬਾ ਰਾਮ ਸਿੰਘ ਜੀ ਨੇ ਜਿਵੇਂ ਇਕ ਬ੍ਰਿਛ ਵਜੋਂ ਭਾਈ ਉਤੱਮ ਸਿੰਘ ਦੇ ਰੂਪ ਵਿਚ ਆਕਾਰ ਵਟਾਇਆ ਅਤੇ ਇਸਤੇ ਲੱਗਣ ਵਾਲੇ ਫਲ-ਫੁੱਲਾ ਵਜੋਂ ਤਿੰਨੇ ਸੂਝਵਾਨ ਤੇ ਗੁਣਵਾਨ ਸਪੁਤੱਰ ਆਲੇ ਦੁਆਲੇ ਵਿਚ ਕੀਰਤਨ ਰੂਪੀ ਸੁਗੰਧ ਖਿਲੇਰ ਰਹੇ ਹਨ।

ਇਕ ਵਾਰ ਭਾਈ ਸਾਹਿਬ ਦੇ ਮਨ ਵਿਚ ਅਦਾਕਾਰ ਬਣਨ ਦੀ ਇੱਛਾ ਵੀ ਪੈਦਾ ਹੋਈ ਤਾਂ ਉਨਾਂ ਨੇ ਇੱਕ ਫਿਲਮ ਕੰਪਨੀ ਵਿਚ ਆਪਣੀ ਇੱਛਾ ਪੂਰਤੀ ਲਈ ਅਰਜੀ ਦੇ ਦਿੱਤੀ। ਟੈਸਟ ਹੋਣ ਤੇ ਉਨ੍ਹਾਂ ਨੂੰ ਚੁਣ ਲਿਆ ਗਿਆ। ਚੋਣ ਕਰਨ ਵਾਲਿਆਂ ਵਿਚ ਪ੍ਰਸਿੱਧ ਗਾਇਕ ਕੇ. ਐਲ. ਸਹਿਗਲ ਵੀ ਸ਼ਾਮਲ ਸਨ। ਫਿਲਮ-ਖੇਤਰ ਦੀਆਂ ਕੁਝ ਅਪ੍ਰਵਾਨਿਤ ਗੱਲਾਂ ਨੂੰ ਵੇਖਦੇ ਹੋਏ ਆਪਨੇ ਫਿਲਮਾਂ ਵਿਚ ਪ੍ਰਵੇਸ਼ ਕਰਨ ਦੇ ਵਿਚਾਰ ਨੂੰ ਤਿਆਗ ਦਿੱਤਾ।

ਦੇਸ਼ ਦੀ ਵੰਡ ਤੋਂ ਪਹਿਲਾਂ ਕਿਉਂਕਿ ਆਪ ਦਾ ਪਰਿਵਾਰ ਪਾਕਿਸਤਾਨ ਵਿਖੇ ਰਹਿੰਦਾ ਸੀ ਪਰ ਵੰਡ ਪਿਛੋਂ ਪਾਕਿਸਤਾਨ ਛੱਡਣ ਲੱਗਿਆ ਜਿਥੇ ਹੋਰ ਲੋਕਾਂ ਨੇ ਆਪਣੇ ਗਹਿਣੇ, ਨਕਦੀ, ਕੱਪੜੇ ਤੇ ਹੋਰ ਕੀਮਤੀ ਸਮਾਨ ਚੁੱਕਣਾ ਚੰਗਾ ਸਮਝਿਆ, ਉਥੇ ਭਾਈ ਸਾਹਿਬ ਨੇ ਸਿਰਫ ਹਾਰਮੋਨੀਅਮ ਹੀ ਆਪਣੇ ਨਾਲ ਲਿਆ, ਕਿਉਂਕਿ ਆਪਨੂੰ ਕੀਰਤਨ ਨਾਲ ਬਹੁਤ ਲਗਾਉ ਸੀ।

ਭਾਈ ਸਾਹਿਬ ਨੇ ਕੁਝ ਸਮਾਂ ਇੱਕ ਢਾਡੀ ਜੱਥੇ ਵਿਚ ਵੀ ਕੰਮ ਕੀਤਾ, ਜਿਸਦੇ ਆਪ ਮੁਖੀ ਸਨ।

ਉਨ੍ਹਾਂ ਦਾ ਇਹ ਜਥਾ ਪੂਰੇ ਪੰਜਾਬ ਵਿਚ ਚਰਚਿਤ ਸੀ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਮੰਤਰ-ਮੁਗਧ ਹੋਈਆਂ ਪ੍ਰਸੰਗ ਸੁਣ ਕੇ ਗੁਰੂ-ਇਤਿਹਾਸ ਨਾਲ ਜੁੜਦੀਆਂ ਰਹੀਆਂ। ਇੱਕ ਹੋਰ ਢਾਡੀ ਨੇ ਈਰਖਾ-ਵੱਸ ਆਪ ਨੂੰ ਧੋਖੇ ਨਾਲ ਆਪ ਨੂੰ ਸੰਧੂਰ ਪਿਆ ਦਿੱਤਾ ਜਿਸ ਕਰਕੇ ਆਪਦੀ ਅਵਾਜ਼ ਬਿਲਕੁਲ ਬੰਦ ਹੋ ਗਈ ਅਤੇ ਆਪ ਗੂੰਗਿਆਂ ਵਰਗੀ ਜਿੰਦਗੀ ਬਿਤਾਉਣ ਲੱਗੇ। ਅਜਿਹੀ ਅਵਸਥਾ ਵਿਚ ਆਪ ਖੂਹ ਉਤੇ ਬੈਠੇ ਸਨ ਕਿ ਇੱਕ ਸਾਧੂ ਆਇਆ ਅਤੇ ਉਸਨੇ ਰੋਟੀ ਦੀ ਮੰਗ ਕੀਤੀ। ਆਪ ਨੇ ਸਾਧੂ ਨੂੰ ਘਰੋਂ ਲਿਆ ਕੇ ਪ੍ਰੇਮ ਨਾਲ ਰੋਟੀ ਛਕਾਈ। ਸਾਧੂ ਨੇ ਆਪ ਨਾਲ ਗੱਲਾਂ ਕਰਨੀਆਂ ਚਾਹੀਆਂ ਤਾਂ ਆਪ ਨੇ ਇਸ਼ਾਰੇ ਨਾਲ ਅਵਾਜ਼ ਬੰਦ ਹੋਣ ਬਾਰੇ ਦੱਸਿਆ। ਪਰਿਵਾਰਕ ਮੈਂਬਰਾਂ ਨੇ ਆਪਦੀ ਆਵਾਜ਼ ਬੰਦ ਹੋਣ ਬਾਰੇ ਸਾਰੀ ਘਟਨਾ ਸਾਧੂ ਨੂੰ ਸੁਣਾਈ। ਸਾਧੂ ਨੇ ਸੁਝਾਅ ਦਿੱਤਾ ਕਿ ਜੇ ਉਹ ਖੂਹ ਵਿਚ ਪੁੱਠਾ ਲਟਕ ਕੇ ਆਵਾਜ ਕੱਢਣ ਲਈ ਜੋਰ ਲਗਾਏ ਤਾਂ ਆਵਾਜ਼ ਮੁੜ ਆਵੇਗੀ। ਨਾਲ ਹੀ ਸਾਧੂ ਨੇ ਇਹ ਵੀ ਸਿਖਿਆ ਦਿੱਤੀ ਕਿ ਅੱਗੇ ਤੋਂ ਉਹ ਢਾਡੀ ਪੁਣਾ ਛੱਡ ਕੇ ਸ਼ਬਦ-ਕੀਰਤਨ ਦਾ ਗਾਇਨ ਸ਼ੁਰੂ ਕਰ ਦੇਵੇ। ਆਪਨੇ ਸਾਧੂ ਦੇ ਦੱਸੇ ਮੁਤਾਬਕ ਹੀ ਕੀਤਾ ਅਤੇ ਕੁਝ ਸਮੇਂ ਬਾਦ ਹੀ ਸੰਧੂਰ ਮੂੰਹ ਰਾਹੀਂ ਬਾਹਰ ਆਉਣਾ ਸ਼ੁਰੂ ਹੋ ਗਿਆ। ਛੇਤੀ ਹੀ ਆਪ ਨੌ-ਬਾਰ-ਨੌਂ ਹੋ ਗਏ ਅਤੇ ਪਿਛੋਂ ਆਪਨੇ ਆਪਣਾ ਸਮੁੱਚਾ ਜੀਵਨ ਗੁਰਬਾਣੀ ਦਾ ਕੀਰਤਨ ਕਰਦਿਆਂ ਬਤੀਤ ਕੀਤਾ।

ਭਾਈ ਸਾਹਿਬ ਨੇ 22 ਸਾਲ ਦੀ ਉਮਰ ਵਿਚ 1950 ਈ। ਤੋਂ ਕੀਰਤਨ ਸੇਵਾ ਨਿਭਾਉਣੀ ਸ਼ੁਰੂ ਕੀਤੀ ਅਤੇ ਜੀਵਨ ਦੇ ਅੰਤ ਤੱਕ ਉਹ ਉਸ ਨਾਲ ਜੁੜੇ ਰਹੇ। ਕੀਰਤਨ ਪ੍ਰਤੀ ਆਪ ਇੰਨੇ ਗੰਭੀਰ ਸਨ ਕਿ 'ਸਹਿਜੈ ਗਾਵਿਆ ਥਾਇ ਪਵੈ' ਦੇ ਮਹਾਂਵਾਕ ਅਨੁਸਾਰ ਉਹ ਸਹਿਜ ਰੂਪ ਵਿਚ ਸ਼ਬਦ ਪ੍ਰਧਾਨ ਗਾਇਕੀ ਨੂੰ ਆਪਣਾ ਲਕਸ਼ ਮੰਨਦੇ ਸਨ। ਇਸੇ ਪ੍ਰਸੰਗ ਵਿਚ ਉਨ੍ਹਾਂ ਨੇ ਪੁਰਾਤਨ ਟਕਸਾਲੀ ਬੰਦਿਸ਼ਾਂ ਦੀ ਸੁਰਲਿਪੀ ਸੰ੍ਗਹਿ ਵੀ ਤਿਆਰ ਕੀਤਾ ਸੀ, ਜੋ ਛਤੀ ਹੀ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਹੋ ਰਿਹਾ ਹੈ। ਗੁਰਬਾਣੀ ਕੀਰਤਨ ਵਿਚ ਵਿਸ਼ੇਸ਼ ਦਿਲਚਸਪੀ ਰੱਖਣ ਕਰਕੇ ਹੀ ਆਪਨੇ ਭਾਰਤ ਅਤੇ ਪਾਕਿਸਤਾਨ ਦੇ ਲਗਭਗ ਸਾਰੇ ਉਚ ਪੱਧਰੀ ਕੀਰਤਨ ਸਮਾਗਮਾਂ ਵਿਚ ਹਿੱਸਾ ਲਿਆ ਸੀ।

ਭਾਈ ਪਤੰਗ ਜੀ ਨੇ ਤਖਤ ਸ੍ਰੀ ਕੇਸਗੜ ਸਾਹਿਬ, ਅਨੰਦਪੁਰ ਸਾਹਿਬ, ਗੁਰਦੁਆਰਾ ਸ੍ਰੀ ਮੰਜੀ ਸਾਹਿਬ ਅੰਬਾਲਾ, ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਟਿਆਲਾ, ਅਤੇ ਗੁਰਦੁਆਰਾ ਸ੍ਰੀ ਫਤਹਿਗੜ ਸਾਹਿਬ ਆਦਿ ਇਤਿਹਾਸਕ ਗੁਰ ਅਸਥਾਨਾਂ ਤੇ ਲਗਭਗ 45 ਸਾਲ ਹਜ਼ੂਰੀ ਰਾਗੀ ਵਜੋਂ ਕੀਰਤਨ ਦੀ ਸੇਵਾ ਨਿਭਾਈ।

ਦੇਸ਼-ਵਿਦੇਸ਼ ਵਿਚ ਕੀਰਤਨ ਦੀ ਸੇਵਾ ਨਿਭਾਉਣ ਕਰਕੇ ਭਾਈ ਉਤੱਮ ਸਿੰਘ ਜੀ ਦਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਪ੍ਰਸੰਸਾਯੋਗ ਅਤੇ ਸਤਿਕਾਰਯੋਗ ਸਥਾਨ ਰਿਹਾ। ਆਪਦੀ ਗੁਰਬਾਣੀ ਕੀਰਤਨ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਮੁਖ ਰੱਖ ਕੇ ਆਪ ਨੂੰ 'ਹਜ਼ੂਰੀ ਰਾਗੀ ਨਿਸ਼ਕਾਮ ਕੀਰਤਨੀਏ' ਆਦਿ ਉਪਾਧਿਆਂ ਨਾਲ ਨਿਵਾਜਿਆ ਗਿਆ। ਗੰਗਾਨਗਰ, ਸ੍ਰੀ ਨਗਰ, ਰਾਮਪੁਰ, ਬਰੇਲੀ, ਵਿਸ਼ਾਖਾਪਟਨਮ ਆਦਿ ਸ਼ਹਿਰਾਂ ਦੀਆਂ ਸੰਗੀਤਾਂ ਨੂੰ ਆਪਨੇ ਕੀਰਤਨ ਸੁਣਾ ਕੇ ਮਾਣ ਪ੍ਰਾਪਤ ਕੀਤਾ। ਆਪ ਨੂੰ ਪ੍ਰਦਾਨ ਕੀਤੇ ਗਏ ਕੁਝ ਚੋਣਵੇਂ

ਪੁਰਸਕਾਰ/ਸਨਮਾਨ ਇਸ ਪ੍ਰਕਾਰ ਹਨ:

1) ਗੁਰਮਤਿ ਸੇਵਾ ਸੁਸਾਇਟੀ ਚੰਡੀਗੜ੍ਹ ਦੁਆਰਾ ਵਿਸ਼ੇਸ਼ ਸਨਮਾਨ।
2) ਭਾਸ਼ਾ ਵਿਭਾਗ ਪੰਜਾਬ ਵਲੋਂ 1991 ਵਿਚ 'ਸ਼੍ਰੋਮਣੀ ਰਾਗੀ' ਪੁਰਸਕਾਰ। ਇਹ ਸਨਮਾਨ ਡਾਇਰੈਕਟਰ ਭਾਸ਼ਾ ਵਿਭਾਗ ਵਲੋਂ ਦਿੱਤਾ ਗਿਆ।
3) ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵਲੋਂ 3 ਨਵੰਬਰ 1991 ਨੂੰ 'ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਸ਼੍ਰੋਮਣੀ ਰਾਗੀ ਐਵਾਰਡ' ਪ੍ਰਦਾਨ। ਇਸ ਵਿਚ 1100/- ਰੁਪਏ ਸ਼ਾਲ ਸਿਰੋਪਾਓ ਤੇ ਯਾਦਗਾਰੀ ਚਿੰਨ੍ਹ ਸ. ਭਾਗ ਸਿੰਘ ਅਣਖੀ ਵਲੋਂ ਪ੍ਰਦਾਨ ਕੀਤੇ ਗਏ।
4) ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ, ਲੁਧਿਆਣਾ ਵਲੋਂ 1992 ਵਿਚ ਕਰਵਾਏ ਗਏ 'ਅਦੁੱਤੀ ਗੁਰਮਤਿ ਸੰਗੀਤ ਸੰਮੇਲਨ' ਵਿਚ 'ਬਜ਼ੁਰਗ ਕੀਰਤਨੀਏ' ਵਜੋਂ ਵਿਸ਼ੇਸ਼ ਸਨਮਾਨ।

ਭਾਈ ਸਾਹਿਬ ਦਾ ਜੀਵਨ ਭਰ ਇਹੋ ਵਿਸ਼ਵਾਸ ਰਿਹਾ ਕਿ ਕੀਰਤਨ ਸਿਰਫ ਤੇ ਸਿਰਫ਼ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਹੋਣਾ ਚਾਹੀਦਾ ਹੈ। ਉਹ ਮੰਨਦੇ ਸਨ ਕਿ ਕੀਰਤਨ ਦੀ ਅਸਲ ਮਰਯਾਦਾ ਸਤਿਗੁਰੂ ਦੀ ਹਜ਼ੂਰੀ ਵਿਚ ਹੀ ਨਿਭਾਈ ਜਾ ਸਕਦੀ ਹੈ। ਇਹੋ ਕਾਰਨ ਹੈ ਕਿ ਆਪਨੇ ਰੇਡੀਓ ਜਾਂ ਟ. ਵੀ. ਦੇ ਸਟੂਡੀਓ ਵਿਚ ਜਾ ਕੇ ਕਦੇ ਵੀ ਕੀਰਤਨ ਨਹੀਂ ਕੀਤਾ। ਰੇਡੀਓ ਟੀ. ਵੀ. ਵਾਲੇ ਖ਼ੁੱਦ ਜਿਥੇ ਆਪ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ ਕਰ ਰਹੇ ਹੁੰਦੇ, ਰਿਕਾਰਡਿੰਗ ਕਰਕੇ ਲਿਜਾਂਦੇ ਰਹੇ।

ਅਤਿਅੰਤ ਟਿਕਾਉ ਅਤੇ ਸਹਿਜ-ਅਵਸਥਾ ਵਿਚ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਨ ਵਾਲੇ ਭਾਈ ਉਤੱਮ ਸਿੰਘ ਪਤੰਗ ਦਾ ਕੀਤਰਨ ਕਰਨ ਦਾ ਅੰਦਾਜ਼ ਬੜਾ ਨਿਵੇਕਲਾ ਸੀ। ਸਰੋਤਿਆਂ ਨੂੰ ਸ਼ੁੱਧ ਅਤੇ ਸਪਸ਼ਟ ਉਚਾਰਣ, ਨਿਰਧਾਰਿਤ ਰਾਗਾਂ ਵਿਚ ਗਾਇਨ ਅਤੇ ਸੁਰਤਾਲ ਦੀ ਇਕਸੁਰਤਾ ਆਪਦੀ ਗਾਇਨ ਸ਼ੈਲੀ ਦੇ ਮੀਰੀ ਗੁਣ ਰਹੇ ਹਨ। ਸੰਗਤਾਂ ਨੂੰ ਕੀਰਤਨ ਦੀ ਪ੍ਰਤੱਖ ਸ਼ਕਤੀ ਦੇ ਜੌਹਰ ਵਿਖਾ ਕੇ ਆਪਨੇ ਦੇਸ਼-ਵਿਦੇਸ਼ ਵਿਚ ਬੜੀ ਪ੍ਰਸਿੱਧੀ ਪ੍ਰਾਪਤ ਕੀਤੀ ਸੀ।

ਆਪਦੇ ਕੀਰਤਨ ਦੀ ਇੱਕ ਵਿਲੱਖਣਤਾ ਇਹ ਵੀ ਸੀ ਕਿ ਕੀਰਤਨ ਤੋਂ ਕਾਫੀ ਸਮਾਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬਹਿ ਕੇ ਪਾਠ ਸੁਣਿਆ ਕਰਦੇ ਸਨ। ਆਪ ਕਦੇ ਵੀ ਗੁਟਕੇ ਜਾਂ ਡਾਇਰੀ ਤੋਂ ਵੇਖ ਕੇ ਸ਼ਬਦ-ਗਾਇਨ ਨਹੀਂ ਸਨ ਕਰਦੇ, ਸਗੋਂ ਉਨ੍ਹਾਂ ਨੂੰ ਬਹੁਤ ਸਾਰੀ ਬਾਣੀ ਜੁਬਾਨੀ ਕੰਠ ਸੀ ਅਤੇ ਆਪ ਹਰ ਰੋਜ਼ ਨਵੇਂ-ਨਵੇਂ ਸ਼ਬਦਾਂ ਦਾ ਗਾਇਨ ਕਰਦੇ ਸਨ। ਕੀਰਤਨ ਕਰਦੇ ਸਮੇਂ ਆਪ ਇਨ੍ਹਾਂ ਖੁਭ ਜਾਂਦੇ ਕਿ ਉਨ੍ਹਾਂ ਨੂੰ ਆਸੇ ਪਾਸੇ ਦੀ ਸੁੱਧ-ਬੁੱਧ ਨਾ ਰਹਿੰਦੀ। ਉਹ ਦੀਨ-ਦੁਨੀਆ ਨੂੰ ਭੁੱਲ ਜਾਂਦੇ। ਨਦੀ ਦੀ ਕਲ-ਕਲ, ਲਹਿਰਾਂ ਦੀ ਛਲ-ਛਲ ਵਰਗਾ ਆਪਣਾ ਨਿਰਮਲ, ਸਪਸ਼ਟ ਤੇ ਸਹਿਜ ਸੁਭਾਵਕ ਇਲਾਹੀ ਸੰਗੀਤ ਸਰੋਤਿਆਂ ਦੀ ਰੋਂਹ ਤੱਕ ਨੂੰ ਸਰਸ਼ਾਰ ਕਰ ਜਾਂਦਾ।

ਆਪ ਪ੍ਰਾਪਤ ਸਮੇਂ ਤੋਂ 5-7 ਮਿੰਟ ਜਿਆਦਾ ਕੀਰਤਨ ਕਰਦੇ ਸਨ। ਅਕਸਰ ਆਪਦੇ ਸਾਥੀ

ਆਪਨੂੰ ਕਿਹਾ ਕਰਦੇ ਕਿ ਭਾਈ ਸਾਹਿਬ ਸਮੇਂ ਸਿਰ ਭੋਗ ਪਾ ਦਿਆ ਕਰੋ ਤਾਂ ਆਪ ਉਨ੍ਹਾਂ ਨੂੰ ਸਮਝਾਉਂਦੇ ਹੋਏ ਕਹਿੰਦੇ ਕਿ ਆਪਾਂ ਜਿਹੜਾ ਵਾਧੂ ਸਮਾਂ ਕੀਰਤਨ ਕਰਦੇ ਹਾਂ, ਉਹ ਹੀ ਆਪਣਾ ਹੈ, ਬਾਕੀ ਸਮੇਂ ਦੀ ਤਾਂ ਆਪਾਂ ਤਨਖਾਹ ਲੈਂਦੇ ਹਾਂ। ਇਸ ਤਰਾਂ ਆਪ ਦੀ ਸ਼ਖਸੀਅਤ ਵਿਚ ਦਰਵੇਸ਼ਾਂ ਜਿਹੇ ਦੈਵੀ ਗੁਣ ਭਰ ਹੋਏ ਸਨ।

ਭਾਈ ਸਾਹਿਬ ਜਿਥੇ ਹੋਰਨਾਂ ਧਰਮਾਂ ਦੇ ਵਿਅਕਤੀਆਂ ਦਾ ਆਦਰ ਸਤਿਕਾਰ ਕਰਦੇ ਸਨ। ਉਥੇ ਉਹ ਖੁਦ ਜੀਵਨ ਭਰ ਸਿੱਖ ਧਰਮ ਵਿਚ ਪਰਿਪੱਕ ਰਹੇ। ਆਪਣੇ ਪਿਤਾ ਦੀ ਪ੍ਰੇਰਨਾ ਅਧੀਨ ਉਨਾਂ ਨੇ ਗੁਰਮਤਿ ਸੰਗੀਤ ਨੂੰ ਪ੍ਰਥਾਮਿਕਤਾ ਪ੍ਰਦਾਨ ਕੀਤੀ। ਗੁਰਮਤਿ ਸੰਗੀਤ ਨੂੰ ਅਕਾਦਮਿਕ ਤੌਰ ਤੇ ਸਥਾਪਤ ਕਰਨ ਦਾ ਸਿਹਰਾ ਵੀ ਇਸੇ ਪਰਿਵਾਰ ਦੇ ਸਿਰ ਬੱਝਦਾ ਹੈ, ਜਿਸਦੇ ਤਿੰਨ ਮੈਬਰਾਂ ਨੂੰ 'ਸ੍ਰੋਮਣੀ ਰਾਗੀ ਪੁਰਸਕਾਰ'ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਆਪਦੇ ਪਰਿਵਾਰ ਦੀਆਂ ਸੰਗੀਤਕ ਪ੍ਰਾਪਤੀਆਂ ਬਾਰੇ ਜਾਣ ਲੈਣ ਵੀ ਲਾਹੇਵੰਦ ਹੋਵੇਗਾ।

ਭਾਈ ਸਾਹਿਬ ਦੇ ਸਭ ਤੋਂ ਵੱਡੇ ਸਪੁੱਤਰ ਡਾ. ਜਾਗੀਰ ਸਿੰਘ ਨੇ ਸੰਗੀਤ (ਗਾਇਨ) ਵਿਚ ਐਮ. ਏ (1995 ਈ।) ਵਿਚੋਂ ਸੋਨ-ਤਮਗਾ ਪ੍ਰਾਪਤ ਕੀਤਾ ਅਤੇ ਪੀ.ਐਚ.ਡੀ. ਦੀ ਉਚੇਚੀ ਡਿਗਰੀ 'ਦ ਰਿਲੇਸ਼ਨ ਆਫ਼ ਗੁਰੂ ਪੋਇਟਰੀ ਵਿਦ ਮਿਊਜ਼ਿਕ' ਵਿਸ਼ੇ ਅਧੀਨ (1980 ਈ.ਵਿਚ) ਪ੍ਰਾਪਤ ਕੀਤੀ। 2007 ਈ.ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵਿਖੇ ਡਿਪਟੀ ਡਾਇਰੈਕਟਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਣ ਪਿਛੋਂ ਆਪਨੇ ਫਰਵਰੀ 2009 ਤੋਂ ਦਸੰਬਰ 2009 ਤੱਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਪ੍ਰਫ਼ੈਸਰ ਅਤੇ ਮੁਖੀ ਦਾ ਅਹੁਦਾ ਸੰਭਾਲਿਆ। ਸੰਗੀਤ ਦੇ ਖੇਤਰ ਵਿਚ ਆਪਨੂੰ ਸਰਵ-ਉਚ ਰਾਸ਼ਟਰੀ ਪੁਰਸਕਾਰ ਸੰਗੀਤ ਨਾਟਕ ਅਕੈਡਮੀ ਨਵੀਂ ਦਿੱਲੀ ਵਲੋਂ (2003 ਈ.) ਪ੍ਰਾਪਤ ਹੋਇਆ, ਜਦ ਕਿ ਭਾਸ਼ਾ ਵਿਭਾਗ ਪੰਜਾਬ ਨੇ (1988 ਈ.) ਵਿਚ 'ਸ਼੍ਰੋਮਣੀ ਰਾਗੀ ਪੁਰਸਕਾਰ' ਦੇ ਕੇ ਸਨਮਾਨਿਤ ਕੀਤਾ ਇਨ੍ਹਾਂ ਤੋਂ ਇਲਾਵਾ ਆਪ ਨੂੰ ਕੁੱਝ ਹੋਰ ਪ੍ਰਤੀਨਿਧ ਸੰਸਥਾਵਾਂ ਵਲੋਂ ਸੰਗੀਤ ਦੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਕਰੀਬ ਅੱਧੀ ਦਰਜਨ ਹੋਰ ਪੁਰਸਕਾਰੇ ਸਨਮਾਨ ਪ੍ਰਦਾਨ ਕੀਤੇ ਜਾ ਚੁੱਕੇ ਹਨ। ਆਪ ਵਲੋਂ ਸੰਭਾਲੇ ਗਏ ਹੋਰ ਅਹੁਦਿਆਂ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਸਲਾਹਕਾਰ ਬੋਰਡ ਦਾ ਮੈਂਬਰ , ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਸਲਾਹਕਾਰ ਬੋਰਡ ਦਾ ਮੈਂਬਰ, ਅੰਮ੍ਰਿਤ ਕੀਰਤਨ ਟਰੱਸਟ, ਚੰਡੀਗੜ੍ਹ ਦੇ ਪ੍ਰਧਾਨ, ਪੰਜਾਬ ਐਂਡ ਸਿੰਧ ਬੈਂਕ ਡਿਵੇਸ਼ਨਲ ਮਿਊਜ਼ਿਕ ਆਰਕਾਈਵਜ਼, ਜਲੰਧਰ ਦੇ ਸਲਾਹਕਾਰ ਬੋਰਡ ਦਾ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੀ ਕੀਰਤਨ ਸਬ-ਕਮੇਟੀ ਦਾ ਮੈਂਬਰ ਆਦਿ ਦੇ ਨਾਂ ਸਾਮਲ ਹਨ। ਸੰਗੀਤ ਨਾਲ ਸੰਬੰਧਿਤ 3 ਮੌਲਿਕ ਪੁਸਤਕਾਂ, ਅਨੁਵਾਦ-ਪੁਸਤਕ, 7 ਖੋਜ-ਪੱਤਰ, ਗੁਰਬਾਣੀ ਕੀਤਨ ਦੀਆਂ 15 ਕੈਸਟਾਂ, ਦੋ ਟੈਲੀਫਿਲਮਾਂ ਲਈ ਕਲਾਸੀਕਲ ਸੰਗੀਤ ਤੇ ਗਾਇਨ ਰੇਡੀਓ ਅਤੇ ਦੂਰਦਰਸ਼ਨ ਲਈ ਗੁਰਬਾਣੀ ਕੀਰਤਨ, ਦੇਸ਼-ਵਿਦੇਸ਼ ਵਿਚ ਲਗਭਗ 20 ਥਾਵਾਂ ਤੇ ਕਲਾਸੀਕਲ ਗੁਰਬਾਣੀ ਕੀਰਤਨ ਅਤੇ ਗੁਰਬਾਣੀ ਬਾਰੇ ਲੈਕਚਰ, ਬਾਲ ਵਿਸ਼ਵਕੋਸ਼ ਲਈ ਸੰਗੀਤ ਸੰਬੰਧੀ ਐਂਟਰੀਜ਼ ਅਤੇ 1989 ਤੋਂ ਮਾਸਿਕ ਪੱਤ੍ਰਿਕਾ 'ਅ੍ਰਮਿਤ ਕੀਰਤਨ' ਦਾ

ਨਿਰਵਿਘਨ ਸੰਪਾਦਨ ਆਪ ਦੀਆਂ ਉਲੇਖਯੋਗ ਪ੍ਰਾਪਤੀਆਂ ਹਨ।

ਭਾਈ ਉਤੱਮ ਸਿੰਘ ਪਤੰਗ ਦੇ ਦੂਜੇ ਸਪੁੱਤਰ ਡਾ. ਬਚਿੱਤਰ ਸਿੰਘ ਬੇਸ਼ੱਕ ਸਿੱਧੇ ਤੌਰ ਤੇ ਸੰਗੀਤ ਨਾਲ ਸੰਬੰਧਿਤ ਨਹੀਂ ਹਨ, ਪਰ ਉਨਾਂ ਨੇ ਵੀ 1985 ਵਿਚ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਫ਼ਸਟ ਡਿਵੀਜ਼ਨ ਵਿਚ ਸੰਗੀਤ ਵਿਸ਼ਾਰਦ ਦੀ ਡਿਗਰੀ ਪ੍ਰਾਪਤ ਕੀਤੀ ਹੈ ਅਤੇ ਉਹ ਗੁਰਮਤਿ ਸੰਗੀਤ ਅਤੇ ਪੰਜਾਬ ਦੀ ਸੰਗੀਤ ਪਰੰਪਰਾ ਵਿਚ ਵਿਸ਼ੇਸ਼ ਦਿਲਚਸਪੀ ਰੱਖਦੇ ਹਨ। ਉਹ ਆਲ ਇੰਡੀਆ ਰੇਡੀਓ ਦੇ ਪ੍ਰਚਲਿਤ ਕਲਾਕਾਰ ਹਨ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸੰਗੀਤਕ ਮੁਕਾਬਲਿਆਂ ਦੇ ਪ੍ਰਵਾਨਿਤ ਨਿਰਣਾਇਕ ਹਨ। ਸੰਗੀਤ ਨਾਲ ਸੰਬੰਧਿਤ ਉਨ੍ਹਾਂ ਦੀ (ਸਹਿ-ਲੇਖਕ) ਵਜੋਂ ਇੱਕ ਪੁਸਤਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਸੰਗੀਤਕ ਪ੍ਰਾਪਤੀਆਂ ਲਈ ਉਨਾਂ ਨੂੰ ਕਾਲਜ ਕਲਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੂਵਕ ਮੇਲੇ ਵਿਚੋਂ ਬਿਹਤਰੀਨ ਗ਼ਜ਼ਲ ਗਾਇਕੀ ਲਈ ਸਰਟੀਫਿਕੇਟ ਪ੍ਰਦਾਨ ਕੀਤਾ ਜਾ ਚੁੱਕਾ ਹੈ।

ਭਾਈ ਸਾਹਿਬ ਦੇ ਸਭ ਤੋਂ ਛੋਟੇ (ਤੀਜੇ) ਸਪੁੱਤਰ ਡਾ. ਗੁਰਨਾਮ ਸਿੰਘ ਗੁਰਮਤਿ ਸੰਗੀਤ ਦੇ ਸਿੱਧਹਸ, ਚਰਚਿਤ ਅਤੇ ਵਿਸ਼ਿਸ਼ਟ ਗਿਆਤਾ ਹਨ, ਜਿਨ੍ਹਾਂ ਦੀਆਂ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤੀਆ ਮਾਣਯੋਗ ਪ੍ਰਾਪਤੀਆਂ ਦੀ ਫਹਿਰਿਸ਼ਤ ਬਹੁਤ ਲੰਮੇਰੀ ਹੈ। ਮੌਜਦਾ ਸਮੇਂ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਪਰੋਫੈਸਰ ਮੋਢੀ ਮੁਖੀ ਅਤੇ ਗੁਰਮਤਿ ਸੰਗੀਤ ਚੇਅਰ ਦੇ ਚੇਅਰਮੈਨ ਸਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਇਸੇ ਯੂਨੀਵਰਸਿਟੀ ਵਿਚ ਸੰਗੀਤ ਵਿਭਾਗ ਦੇ ਮੁਖੀ (1995 ਤੋਂ 2001 ਤੱਕ) ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਸੰਗੀਤ ਵਿਭਾਗ ਦੇ ਮੁਖੀ (ਮਈ 1993-ਅਗਸਤ1994 ਤੱਕ) ਵਜੋਂ ਕਾਰਜ ਕੀਤਾ। ਉਨ੍ਹਾਂ ਨੇ ਸੰਗੀਤ (ਗਾਇਨ) ਵਿਚ ਐਮ.ਏ. (1981 ਈ.) ਅਤੇ ਐਮ. ਫਿਲ (ਪੰਜਾਬੀ ਫੋਕ ਮਿਊਜ਼ਿਕ ਐਂਡ ਕਲਾਸੀਕਲ ਮਿਊਜ਼ਿਕ 1984 ਈ।) ਕਰਨ ਪਿਛੋਂ 'ਏ ਮਿਊਜ਼ਿਕਾਲੋਜੀਕਲ ਸਟੱਡੀ ਆਫ ਗੁਰੂ ਨਾਨਕ ਬਾਨੀ ਵਿਸ਼ੇ ਅਧੀਨ (1989 ਈ. ਵਿਚ ) ਪੀ-ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਦੀ ਗੁਰਮਤਿ ਸੰਗੀਤ, ਭਾਰਤੀ ਕਲਾਸੀਕਲ ਸੰਗੀਤ ਅਤੇ ਪੰਜਾਬੀ ਲੋਕ ਸੰਗੀਤ ਵਿਚ ਵਿਸ਼ੇਸ਼ ਮੁਹਾਰਤ ਹੈ। ਸੰਗੀਤ ਦੇ ਖੇਤਰ ਵਿਚ ਉਨ੍ਹਾਂ ਨੇ ਗਵਾਲੀਅਰ ਘਰਾਣਾ, ਆਗਰਾ ਘਰਾਣਾ ਅਤੇ ਪਟਿਆਲਾ ਘਰਾਣਾ ਦੀ ਵਿਸ਼ੇਸ਼ ਸਿਖਲਾਈ (ਕ੍ਰਮਵਾਰ ਗੁਰਮਤਿ ਸੰਗੀਤ-ਆਚਾਰੀਆ) ਪ੍ਰੋ. ਤਾਰਾ ਸਿੰਘ, ਪ੍ਰੋਫੈਸਰ ਸੋਹਨ ਸਿੰਘ ਅਤੇ ਉਸਤਾਦ ਬਾਕਰ ਹੁਸੈਨ ਜੀ ਤੋਂ) ਪ੍ਰਾਪਤ ਕੀਤੀ ਹੈ। ਉਨ੍ਹਾਂ ਨੇ ਗੁਰਮਤਿ ਸੰਗੀਤ ਨੂੰ ਇੱਕ ਵੱਖਰੇ ਵਿਸ਼ੇ ਵਜੋਂ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪੱਧਰ ਉਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸ਼ੁਰੂ ਕਰਵਾਉਣ ਲਈ ਵਿਸ਼ੇਸ਼ ਯੋਗਦਾਨ ਦਿੱਤਾ। ਉਨਾਂ ਨੂੰ ਪੰਜਾਬ ਸਰਕਾਰ ਵਲੋਂ ਪ੍ਰਾਪਤ 'ਸ਼ੋਮਣੀ ਰਾਗੀ ਪੁਰਸਕਾਰ (2001 ਈ.)' ਤੋਂ ਇਲਾਵਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਅੱਧੀ ਦਰਜਨ ਹੋਰ ਇਨਾਮ ਮਿਲ ਚੁੱਕੇ ਹਨ।ਗੁਰਮਤਿ ਸੰਗੀਤ ਨਾਲ ਸੰਬੰਧਿਤ ਉਨਾਂ ਦੀਆਂ 13 ਖੋਜ਼ ਪੁਸਤਕਾਂ, 37 ਖੋਜ਼ ਪੱਤਰ, 75

ਰਚਨਾਵਾਂ, 27 ਸੰਪਾਦਤ ਪੁਸਤਕਾਂ, 3 ਅਨੁਵਾਦਿਤ ਪੁਸਤਕਾਂ, 4 ਮੈਗਜ਼ੀਨਾਂ ਸੋਵੀਨਰਾਂ ਦਾ ਸੰਪਾਦਨ ਪ੍ਰਕਾਸ਼ਿਤ ਹੋ ਚੁੱਕੇ ਹਨ, 4 ਡਾਕੂਮੈਂਟਰੀ ਫਿਲਮਾਂ, 9 ਵੀਡੀਓ ਲੈਕਚਰ, 22 ਆਡੀਓ ਕੈਸਿਟਾਂ, 1 ਵੀਡੀਓ ਕੈਸਿਟ, 9 ਸੰਗੀਤ ਨਿਰਦੇਸ਼ਨਾਵਾਂ, 6 ਪਿੱਠਵਰਤੀ ਸੰਗੀਤ, 6 ਸੰਕੇਤ ਧੁਨੀਆਂ, 22 ਵਿਸ਼ੇਸ਼ ਲੈਕਚਰ, 30 ਕਾਨਫਰੰਸਾਂ ਸੈਮੀਨਾਰ ਦਾ ਆਯੋਜਨ, 200 ਤੋਂ ਵਧੀਕ ਯਾਦਗਾਰੀ ਪੇਸ਼ਕਾਰੀਆਂ ਡਾ. ਗੁਰਨਾਮ ਸਿੰਘ ਦੀਆਂ ਸੰਗੀਤ ਗੁਰਮਤਿ ਸੰਗੀਤ ਲੋਕ ਸੰਗੀਤ ਕਲਾਸੀਕਲ ਸੰਗੀਤ ਦੇ ਖੇਤਰ ਵਿਚ ਹੋਰ ਮਾਣਯੋਗ ਪ੍ਰਾਪਤੀਆਂ ਹਨ।

ਅਕਾਦਮਿਕ ਤੇ ਪ੍ਰਫੈਸ਼ਨਲ ਸੰਸਥਾਵਾਂ ਦੇ ਆਜੀਵਨ ਮੈਂਬਰ ਵਜੋਂ ਕ੍ਰਿਆਸ਼ੀਲ ਡਾ. ਗੁਰਨਾਮ ਸਿੰਘ ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਸੰਗੀਤੇ ਗੁਰਮਤਿ ਸੰਗੀਤ ਅਧਿਆਪਨ ਦੇ ਖੇਤਰ ਨਾਲ ਜੁੜੇ ਹੋਏ ਹਨ। ਸਿੱਖ ਸੰਗੀਤ ਦੀ ਰੈਫਰਸ ਪੁਸਤਕ ਅਤੇ ਗੁਰੂ ਗੰਰਥ ਸਾਹਿਬ ਦੇ 31 ਰਾਗਾਂ ਦੀ ਆਡੀਓ ਰਿਕਾਰਡਿੰਗ ਲਈ ਯਤਨਸ਼ੀਲ ਡਾ. ਗੁਰਨਾਮ ਸਿੰਘ ਆਪਣੇ ਜੀਵਨ ਦੇ ਪੰਜ ਸ਼ਾਨਦਾਰ ਦਹਾਕੇ ਬਿਤਾ ਕੇ ਵੀ ਯੁਵਾ ਸ਼ਕਤੀ ਨਾਲ ਗੁਰਮਤਿ ਸੰਗੀਤ ਨੂੰ ਇਸਦੀ ਬੁਲੰਦੀ ਤੱਕ ਪਹੰਚਾਉਣ ਲਈ ਅਗ੍ਰਸਰ ਹਨ।

ਗੁਰਮਤਿ ਸੰਗੀਤ ਦੀ ਇਹ ਦਾਤ ਕੇਵਲ ਭਾਈ ਸਾਹਿਬ ਦੇ ਸਪੁੱਤਰਾਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਆਪਦੇ ਪੋਤਰਿਆਂ ਅਤੇ ਭਤੀਜਿਆਂ ਵਿਚ ਵੀ ਇਹ ਗੁਣ ਵਿਦਮਾਨ ਹੈ। ਭਾਈ ਸਾਹਿਬ ਦੇ ਭਰਾਤਾ ਕੈਪਟਨ. ਅਮਰੀਕ ਸਿੰਘ ਦੇ ਸਪੁੱਤਰ ਬਲਜਿੰਦਰ ਸਿੰਘ ਇੰਗਲੈਂਡ ਵਿਖੇ ਅਤੇ ਜਸਵਿੰਦਰ ਸਿੰਘ ਅਮਰੀਕਾ ਵਿਖੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਆਪਦੇ ਦੂਜੇ ਸਪੁੱਤਰ ਡਾ. ਬਚਿੱਤਰ ਸਿੰਘ ਦੇ ਹੋਣਹਾਰ ਬੇਟੇ ਮਨਪ੍ਰੀਤ ਸਿੰਘ ਨੇ ਗੁਰਮਤਿ ਸੰਗੀਤ ਵਿਚ ਪੀ ਐਚ ਡੀ ਦੀ ਡਿਗਰੀ ਪ੍ਰਾਪਤ ਕੀਤੀ ਹੈ ਅਤੇ ਉਹ ਅੱਜਕੱਲ੍ਹ ਅਮਰੀਕਾ ਵਿਚ ਸੰਗੀਤ ਦਾ ਅਧਿਆਪਕ ਹੈ।

ਭਾਈ ਉਤੱਮ ਸਿੰਘ ਪਤੰਗ ਜੀ ਗਾਇਨ ਕਰਦਿਆਂ ਗੁਰਬਾਣੀ ਦੇ ਸ਼ੁੱਧ ਉਚਾਰਣ, ਢੁਕਵੇਂ ਪ੍ਰਮਾਣ, ਸਮੇਂ ਤੇ ਸਥਿਤੀ ਮੁਤਾਬਕ ਸ਼ਬਦਾਂ ਦੀ ਚੋਣ, ਨਿਸਚਿਤ ਰਾਗ ਅਤੇ ਸਮੇਂ ਦਾ ਰਾਗ, ਸੁਰਤਾਲ ਅਤੇ ਲੈਅ ਦਾ ਸੁਮੇਲ, ਇਕਾਗਰਤਾ ਸ਼ਬਦਾਂ ਦੇ ਜ਼ਬਾਨੀ ਕੰਠ ਪ੍ਰਤੀ ਸਜਗ ਅਤੇ ਸੁਚੇਤ ਰਹਿੰਦੇ ਸਨ। ਆਪਦੇ ਕੋਮਲ ਤੇ ਨਿਮਰ ਬੋਲਾਂ, ਹਲੀਮੀ, ਨਿਰਮਾਣਤਾ ਅਤੇ ਸਾਦਾ ਰਹਿਣੀ ਬਹਿਣੀ ਆਦਿ ਗੁਣਾਂ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪ ਤੋਂ ਬੇਹੱਦ ਮੁਤਾਸਿਰ ਸੀ ਅਤੇ ਇਸਨੇ ਹਮੇਸ਼ਾਂ ਲਈ ਆਪਨੂੰ ਨਾਲ ਜੋੜ ਲਿਆ। ਭਾਈ ਸਾਹਿਬ ਵੀ ਪੂਰੀ ਸ਼ਰਧਾ ਅਤੇ ਨਿਸ਼ਕਾਮ ਭਾਵਨਾ ਨਾਲ ਆਪਣੇ ਜੀਵਨ ਦੇ ਅੰਤ ਤੱਕ ਸ਼੍ਰੋਮਣੀ ਕਮੇਟੀ ਨਾਲ ਜੁੜੇ ਰਹੇ।

ਆਪ ਉਨ੍ਹਾਂ ਗਿਣੇ ਚੁਣੇ ਕੀਰਤਨੀਆਂ ਵਿਚੋਂ ਸਨ, ਜਿਨ੍ਹਾਂ ਦੀ ਸਾਰੀ ਜਿੰਦਗੀ ਗੁਰਬਾਣੀ ਤੋਂ ਪ੍ਰੇਰਿਤ ਗੁਰਮਤਿ ਆਸ਼ੇ ਅਨੁਸਾਰ ਰਹੀ। ਆਪ ਪੂਰੇ ਨਿਤਨੇਮੀ ਸਨ ਅਤੇ ਹਮੇਸ਼ਾਂ ਪਾਠ ਅਤੇ ਬੰਦਗੀ ਵਿਚ ਜੁੜੇ ਰਹਿੰਦੇ ਸਨ। ਭਾਈ ਸਾਹਿਬ ਦੇ ਬਹੁਤ ਸਾਰੇ ਸ਼ਾਗਿਰਦ ਦੇਸ਼-ਵਿਦੇਸ਼ ਵਿਚ ਕੀਰਤਨ ਅਤੇ ਸੰਗੀਤ ਦੀ ਸੇਵਾ ਨਿਭਾਅ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਕਾਰਜ਼ਸ਼ੀਲ ਕਈ ਕੀਰਤਨੀਆਂ ਨੂੰ ਵੀ

ਆਪਦੇ ਸ਼ਾਗਿਰਦ ਹੋਣ ਦਾ ਮਾਣ ਪ੍ਰਾਪਤ ਹੈ। ਇਨ੍ਹਾਂ ਸ਼ਾਗਿਰਦਾਂ ਵਿਚੋਂ ਕੁਝ ਇੱਕ ਪ੍ਰਮੁਖ ਇਹ ਹਨ। ਡਾ. ਜਾਗੀਰ ਸਿੰਘ, ਡਾ. ਬੱਚਿਤਰ ਸਿੰਘ, ਡਾ. ਗੁਰਨਾਮ ਸਿੰਘ (ਤਿੰਨੇ ਸਪੁੱਤਰ), ਮੇਜਰ ਅਮਰੀਕ ਸਿੰਘ (ਭਰਾ) ਕੈਪਟਨ ਮੱਖਣ ਸਿੰਘ, ਭਾਈ ਅਮੀਰ ਸਿੰਘ, ਭਾਈ ਧਿਆਨ ਸਿੰਘ, ਭਾਈ ਗੋਪਾਲ ਸਿੰਘ, ਭਾਈ ਚਰਨਜੀਤ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਸੁਖਦੇਵ ਸਿੰਘ ਅਤੇ ਭਾਈ ਪੰਜਾਬ ਸਿੰਘ ਆਦਿ।

ਭਾਈ ਉਤੱਮ ਸਿੰਘ ਪੰਤਗ ਆਪਣੇ ਸ਼ਾਗਿਰਦਾਂ ਜਾਂ ਕੀਰਤਨ ਸਿੱਖਣ ਵਾਲਿਆਂ ਨੂੰ ਬਚਿੱਆਂ ਵਾਂਗ ਪਿਆਰ ਕਰਦੇ ਸਨ ਅਤੇ ਉਨ੍ਹਾਂ ਤੋਂ ਕੋਈ ਭੇਟਾਂ ਆਦਿ ਨਹੀਂ ਸਨ ਲੈਂਦੇ। ਉਨ੍ਹਾਂ ਦੀ ਸ਼ਖਸੀਅਤ ਦਾ ਇਹ ਮਹਾਨ ਗੁਣ ਅੱਗੋਂ ਉਨ੍ਹਾਂ ਦੇ ਸਪੁੱਤਰਾਂ ਵਿਚ ਵੀ ਮੌਜੂਦ ਹੈ, ਜੋ ਹਰ ਆਏ-ਗਏ ਦਾ ਆਦਰ-ਸਤਿਕਾਰ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਸੰਗੀਤ ਅਤੇ ਗੁਰਮਤਿ ਸੰਗੀਤ ਬਾਰੇ ਅਨਮੋਲ ਜਾਣਕਾਰੀ ਦੇਣਾ ਆਪਣਾ ਇਖਲਾਕੀ ਫ਼ਰਜ ਸਮਝਦੇ ਹਨ।

ਉਨ੍ਹਾਂ ਦਾ ਆਪਣੇ ਪਰਿਵਾਰਕ ਮੈਂਬਰਾਂ ਉਤੇ ਪੂਰਾਂ ਅੰਕੁਸ਼ ਸੀ। ਉਨ੍ਹਾਂ ਦੇ ਤਿੰਨੇ ਸਪੁੱਤਰ ਸਾਰੀ ਜ਼ਿੰਦਗੀ ਉਨ੍ਹਾਂ ਦੇ ਹਰ ਹੁਕਮ ਦੀ ਪਾਲਣਾ ਕਰਦੇ ਰਹੇ ਭਾਵੇਂ ਸਾਰੇ ਸਪੁੱਤਰ ਬੜੀਆਂ ਵੱਡੀਆਂ ਅਤੇ ਜ਼ਿੰਮੇਵਾਰੀ ਵਾਲੀਆਂ ਨੌਕਰੀਆਂ ਤੇ ਬਿਰਾਜਮਾਨ ਹਨ, ਪਰ ਭਾਈ ਸਾਹਿਬ ਦੇ ਸਾਹਮਣੇ ਉਹ ਸਦਾ ਸਿਰ ਨਿਵਾ ਕੇ ਹੀ ਰਹੇ। ਭਾਈ ਸਾਹਿਬ ਖੁਦ ਘਰੇਗੀ ਜ਼ਿੰਮੇਵਾਰੀਆਂ ਕਾਰਨ ਭਾਵੇਂ ਸਕੂਲ ਦੀ ਵਿੱਦਿਆ ਹੀ ਪੂਰੀ ਕਰ ਸਕੇ, ਪਰ ਉਂਜ ਉਹ ਅਧਿਆਤਮਕ ਲਿਖਤਾਂ, ਖਾਸ ਕਰਕੇ ਗੁਰਮਤਿ ਸਾਹਿਤ, ਗੁਰਬਾਣੀ ਟੀਕੇ, ਅਰਥਬੋਧ ਆਦਿ ਪੜ੍ਹਨ ਵਿਚ ਦਿਲਚਸਪੀ ਰੱਖਦੇ ਸਨ। ਉਨ੍ਹਾਂ ਨੇ ਆਪਣੇ ਤਿੰਨ ਬੇਟਿਆਂ ਨੂੰ ਉਚਕੋਟੀ ਦੀ ਅਕਾਦਮਿਕ ਵਿੱਦਿਆ ਦੇ ਨਾਲ-ਨਾਲ ਕੀਰਤਨ ਵਿਚ ਵੀ ਨਿਪੁੰਨ ਕੀਤਾ। ਉਨ੍ਹਾਂ ਦੇ ਤਿੰਨੇ ਸਪੁੱਤਰ ਪੀ.ਐਚ.ਡੀ. ਹਨ ਅਤੇ ਆਪੋ-ਆਪਣੇ ਖੇਤਰ ਵਿਚ ਮੁਹਰਤ ਰੱਖਦੇ ਹਨ। ਤਿੰਨੇ ਹੀ ਆਪਣੇ ਪਿਤਾ ਦੇ ਨਕਸ਼ੇ ਕਦਮ ਤੇ ਚਲਦੇ ਹੋਏ ਗੁਰਬਾਣੀ ਕੀਰਤਨ ਵਿਚ ਮਾਹਿਰ ਹਨ।

ਭਾਈ ਪਤੰਗ ਜੀ ਬੜੇ ਸਬਰ ਸੰਤੋਖ ਵਾਲੇ ਵਿਅਕਤੀ ਸਨ। ਜਦੋਂ ਆਪ ਦਾ ਪਰਿਵਾਰ ਪਾਕਿਸਤਾਨ ਤੋਂ ਸਭ ਕੁਝ ਲੁਟਾਕੇ ਤੇ ਬੇਘਰ ਹੋ ਕੇ ਭਾਰਤ ਆਇਆ ਤਾਂ ਆਪਨੇ ਛੋਟੇ ਭੈਣ-ਭਰਾਂਵਾਂ ਨੂੰ ਵੀ ਸੰਭਾਲਿਆ। ਉਹ ਸਭ ਨੂੰ ਖੁਆ ਕੇ ਪਿਛੋਂ ਆਪ ਖਾਂਦੇ, ਸਾਰਿਆਂ ਦੇ ਸੌਂ ਜਾਣ ਪਿਛੋਂ ਸੌਂਦੇ ਹਰ ਇੱਕ ਦੀ ਜ਼ਰੂਰਤ ਦਾ ਖਿਆਲ ਰੱਖਦੇ। ਘੱਟ ਕੱਪੜਿਆਂ ਨਾਲ, ਥੋੜ੍ਹੇ ਭੋਜਨ ਵਿਚ ਹਮੇਸ਼ਾ ਪਰਮਾਤਮਾ ਦਾ ਧੰਨਵਾਦ ਕਰਦੇ ਜੋ ਵੀ ਅਤੇ ਜਿੰਨਾਂ ਵੀ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਉਸ ਲਈ ਸਦਾ ਕਹਿੰਦੇ "ਵਾਹਿਗੁਰੂ ਤੇਰਾ ਸ਼ੁਕਰ ਹੈ।" ਖਾਣਾ ਖਾਣ ਤੋਂ ਪਹਿਲਾਂ ਅਤੇ ਪਿਛੋਂ ਪਰਮਾਤਮਾ ਪ੍ਰਤੀ ਅਰਦਾਸ ਕਰਨੀ ਅਤੇ ਉਸਦਾ ਧੰਨਵਾਦ ਕਰਨਾ ਕਦੇ ਨਾ ਵਿਸਾਰਦੇ। ਉਹ ਗੁਰਬਾਣੀ ਦੇ ਇਸ ਮਹਾਂਵਾਕ ਨੂੰ ਸਦਾ ਯਾਦ ਰੱਖਦੇ ਅਤੇ ਆਪਣੇ ਪੁੱਤਰਾਂ ਵੀ ਇਸ ਨੂੰ ਯਾਦ ਰੱਖਣ ਦੀ ਪ੍ਰੇਰਨਾ ਦਿੰਦੇ ਰਹਿੰਦੇ "ਸੋ ਕਿਉ ਵਿਸਰੈ ਜਿਨਿ ਸਭੁ ਕਿਛੁ ਦੀਆ।"

ਆਪ ਹਮੇਸ਼ਾ ਸਾਤਵਿਕ ਭੋਜਨ ਛਕਦੇ ਸਨ। ਉਹ ਕਿਸੇ ਵੀ ਅਜਿਹੇ ਸਮਾਗਮ ਵਿਚ ਜਾਣ ਤੋਂ ਸਪਸ਼ਟ ਇਨਕਾਰੀ ਹੁੰਦੇ, ਜਿਥੇ ਸ਼ਰਾਬ ਜਾਂ ਮਾਸ ਆਦਿ ਨੂੰ ਮਹਿਮਾਨਾ ਦੀ ਆਓ-ਭਗਤ ਲਈ ਪਰੋਸਿਆ

ਜਾਂਦਾ ਹੋਵੇ। ਆਪਦੇ ਭੋਜਨ ਵਿਚ ਮਿਰਚ ਮਸਾਲਿਆਂ ਦੀ ਵਧੇਰੇ ਵਰਤੋ ਦੀ ਮਨਾਹੀ ਸੀ। ਉਹ ਹਮੇਸ਼ਾ ਜ਼ਰੂਰਤ ਅਨੁਸਾਰ ਅਤੇ ਲੋੜ ਤੋਂ ਘੱਟ ਭੋਜਨ ਖਾਂਦੇ ਸਨ। ਉਨ੍ਹਾਂ ਦਾ ਇਸ ਗੁਰ-ਵਾਕ ਵਿਚ ਅਟੱਲ ਵਿਸ਼ਵਾਸ ਸੀ: "ਬਾਬਾ ਹੋਰ ਖਾਣਾ ਖੁਸੀ ਖੁਆਰਿ ਜਿਤਿ ਖਾਧੈ ਤਨਿ ਪੀੜੀਐ ਮਨ ਮਹਿ ਚਲੇ ਵਿਕਾਰ ॥" ਅਪਣੇ ਖਾਲੀ-ਵਿਹਲੇ ਸਮੇਂ ਵਿਚ ਭਾਈ ਸਾਹਿਬ ਹਮੇਸ਼ਾਂ ਭਜਨ-ਬੰਦਗੀ ਵਿਚ ਲੀਨ ਰਹਿੰਦੇ ਸਨ। ਉਹਨਾਂ ਨੂੰ ਆਪਣੇ ਕੰਮ ਆਪ ਕਰਕੇ ਖੁਸ਼ੀ ਦਾ ਅਨੁਭਵ ਹੁੰਦਾ ਸੀ। ਜਦੋਂ ਘਰ ਦਾ ਕੋਈ ਮੈਂਬਰ ਉਨ੍ਹਾਂ ਦਾ ਕਈ ਅਜਿਹਾ ਕੰਮ ਕਰ ਦਿੰਦਾ, ਜਿਸ ਨੂੰ ਉਹ ਖੁਦ ਵੀ ਸਹਿਜੇ ਹੀ ਕਰ ਸਕਦੇ ਹੁੰਦੇ ਤਾਂ ਕਦੇ-ਕਦੇ ਇਹ ਵੀ ਕਹਿ ਦਿੰਦੇ ਆਪਣੇ ਹੱਥੀ ਆਪਣਾ ਆਪ ਹੀ ਕਾਜ ਸਵਾਰੀਐ।

ਭਾਈ ਸਾਹਿਬ ਦਾਨੀ ਸੁਖੀ ਅਤੇ ਖੁੱਲੇ ਦਿਲੇ ਸੁਭਾਅ ਦੇ ਮਾਲਕ ਸਨ। ਗੁਰਮਤਿ ਪਰੰਪਰਾ ਅਨੁਸਾਰ ਉਹ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਵੀ ਅਦਾ ਕਰਦੇ ਸਨ। ਉਹ ਸਦਾ ਆਪਣੇ ਘਰ ਆਏ ਲੜਵੰਦ ਦੀ ਮਦਦ ਲਈ ਤਿਆਰ ਰਹਿੰਦੇ ਸਨ। ਚਾਹੇ ਉਹ ਆਰਥਿਕ ਰੂਪ ਵਿਚ ਹੋਵੇ, ਚਾਹੇ ਸਮਾਜਿਕ ਰੂਪ ਵਿਚ ਜਾਂ ਫਿਰ ਇਨਸਾਨੀ ਰਿਸ਼ਤਿਆਂ ਦੀ ਫ਼ਰਜ਼ ਸਨਾਸੀ ਕਰਕੇ। ਉਨ੍ਹਾਂ ਕੋਲ ਆਇਆ ਹਰ ਤਰਾਂ ਦਾ ਪ੍ਰਾਣੀ ਆਪਣੀ ਸਮੱਸਿਆ ਦਾ ਸਮਾਧਾਨ ਲੈਕੇ ਹੀ ਜਾਂਦਾ ਸੀ। ਏਥੋਂ ਤੱਕ ਕਿ ਘਰ ਆਏ ਕਿਸੇ ਅਪਰਿਚਿਤ ਮਹਿਮਾਨ ਨੂੰ ਉਹ ਆਪਣਾ ਮੰਜਾ ਬਿਸਤਰਾ ਤੱਕ ਵੀ ਦੇ ਦਿੰਦੇ ਸਨ। ਉਨ੍ਹਾਂ ਦੇ ਸੰਪਰਕ ਵਿਚ ਆਏ ਲਗਭਗ ਸਾਰੇ ਵਿਅਕਤੀ ਉਨ੍ਹਾਂ ਨੂੰ ਪਿਤਾ ਦਾ ਦਰਜਾ ਦਿੰਦੇ ਸਨ। ਜਿਵੇਂ ਬੀਬਾ ਪਰਮਜੀਤ ਕਰ (ਸਰਹੰਦ), ਡਾ. ਗੁਰਮੁਖ ਸਿੰਘ (ਪਟਿਆਲਾ ) ਰਾਜਿੰਦਰ ਸਿੰਘ (ਪੱਤਰਕਾਰ) (ਫ਼ਤਿਹਗੜ੍ਹ ਸਾਹਿਬ) ਆਦਿ ਸਾਰੇ ਆਪ ਨੂੰ 'ਭਾਪਾ ਜੀ' ਕਹਿ ਕੇ ਸੰਬੋਧਨ ਕਰਦੇ ਸਨ।

ਆਪਣੀ ਪਤਨੀ ਸ੍ਰੀਮਤੀ ਚਰਨ ਕਰ, ਜਿਨ੍ਹਾਂ ਨਾਲ ਆਪਦੀ ਸ਼ਾਦੀ 1937 ਈ. ਵਿਚ ਹੋਈ ਸੀ, ਨਾਲ ਆਪਦੇ ਹਮੇਸ਼ਾਂ ਹੀ ਸੁਖਾਵੇਂ ਸੰਬੰਧ ਰਹੇ। ਉਹ ਸ਼ਾਇਦ ਹੀ ਕਿਤੇ ਆਪਣੀ ਪਤਨੀ ਨਾਲ ਤਲਖੀ ਵਿਚ ਆਏ ਹੋਣ। ਦੋਹਾਂ ਦਾ ਕਦੇ ਵੀ ਕਿਸੇ ਵੱਡੀ ਗੱਲ ਤੇ ਤਕਰਾਰ ਨਹੀ ਹੋਇਆ। ਜੇ ਕਰ ਭਾਈ ਸਾਹਿਬ ਦਰਵੇਸ਼ ਸੁਭਾਅ ਵਾਲੇ ਸਨ ਤਾਂ ਆਪ ਦੀ ਪਤਨੀ ਵੀ ਕਿਸੇ ਗੱਲੋਂ ਘੱਟ ਨਹੀਂ। ਆਪ ਦੀ ਪਤਨੀ ਇੰਨੇ ਧੀਰਜ ਤੇ ਠਰ੍ਹੰਮੇ ਵਾਲੀ ਔਰਤ ਸੀ ਕਿ ਉਨ੍ਹਾਂ ਨੇ ਆਪਦੇ ਵਿਛੋੜੇ ਸਮੇਂ ਵੀ ਇਸਨੂੰ ਪਰਮਾਤਮਾ ਦਾ ਹੁਕਮ ਕਹਿ ਕੇ ਸਵਿਕਾਰ ਕੀਤਾ ਅਤੇ ਰੋਂਦੇ ਹੋਏ ਹਰ ਵਿਅਕਤੀਆਂ ਨੂੰ ਵੀ ਚੁੱਪ ਕਰਵਾ ਕੇ ਭਾਣਾ ਮੰਨਣ ਲਈ ਬੇਨਤੀ ਕੀਤੀ।

ਭਾਈ ਸਾਹਿਬ ਨੇ ਕਰੀਬ 33 ਸਾਲ (1962 ਈ. ਤੋਂ ਆਪਣੇ ਜੀਵਨ ਦੇ ਅੰਤ ਤੱਕ) ਗੁਰਦੁਆਰਾ ਜੋਤੀ ਸਰੂਪ ਫ਼ਤਿਹਗੜ੍ਹ ਸਾਹਿਬ ਵਿਖੇ ਇਲਾਹੀ ਬਾਣੀ ਦਾ ਕੀਤਰਨ ਕੀਤਾ। ਸੇਵਾ ਮੁਕਤੀ ਤੋਂ ਪਿਛੋਂ ਵੀ ਆਪ ਇਸੇ ਥਾਂ ਨਿਸ਼ਕਾਮ ਕੀਰਤਨ-ਸੇਵਾ ਕਰਦੇ ਰਹੇ ਹੇਮਕੁੰਟ ਸਾਹਿਬ ਦੀ ਯਾਤਰਾ ਤੋਂ ਵਾਪਿਸ ਆ ਕੇ ਗੁਰਬਾਣੀ ਦਾ ਪਾਠ ਸੁਣਦਿਆਂ 21 ਸਤੰਬਰ 1995 ਨੂੰ ਅੰਮ੍ਰਿਤ ਵੇਲੇ ਆਪਨੇ ਆਪਣੇ ਸਵਾਸ ਤਿਆਗੇ ਆਪਦੀ ਇੱਛਾ ਅਨੁਸਾਰ ਆਪ ਦਾ ਸ਼ੰਸਕਾਰ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਫਤਿਹਗੜ੍ਹ ਸਾਹਿਬ ਵਿਖੇ

ਕੀਤਾ ਗਿਆ ਅਤੇ 30 ਸਤੰਬਰ 1995 ਨੂੰ ਗੁਰਦੁਆਰਾ ਜੋਤੀ ਸਰੂਪ, ਫ਼ਤਿਹਗੜ੍ਹ ਸਾਹਿਬ ਵਿਖੇ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿਚ ਜਥੇਦਾਰ ਸ.ਗੁਰਚਰਨ ਸਿੰਘ ਟੌਹੜਾ ਵਿਸ਼ੇਸ਼ ਤੌਰ ਤੇ ਆਪਣੇ ਵਿਛੜੇ ਸਾਥੀ ਨੂੰ ਸ਼ਰਧਾਂਜਲੀ ਭੇਟ ਕਰਨ ਆਏ। ਇਥੇ ਇਹ ਗੱਲ ਉਲੇਖਯੋਗ ਹੈ ਕਿ ਅੰਤਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਇਸ ਇਤਿਹਾਸਕ ਗੁਰਦੁਆਰੇ ਸਾਹਿਬ ਵਿਖੇ ਹੋਇਆ। ਪਰੰਪਰਾ ਅਨੁਸਾਰ ਇਥੇ ਗੁਰੂ ਸਾਹਿਬਾਨ ਜਾਂ ਗੁਰੂ-ਪਰਿਵਾਰ ਨਾਲ ਸੰਬੰਧਿਤ ਸ਼ਖਸੀਅਤਾਂ ਸੰਬੰਧੀ ਸਮਾਗਮ ਹੀ ਆਯੋਜਿਤ ਹੁੰਦੇ ਹਨ।

ਆਪ ਨੂੰ ਸ਼ਰਧਾਂਜਲੀ ਭੇਟ ਕਰਦੀਆਂ ਸ. ਹਰਿਜਸ ਸਿੰਘ (ਚੰਡੀਗੜ੍ਹ) ਲਿਖਦੇ ਹਨ: ਅਜਿਹੀ ਸ਼ਖ਼ਸੀਅਤ ਦੇ ਧਾਰਨੀ ਵਿਅਕਤੀ, ਵਿਅਕਤੀ ਹੀ ਨਹੀਂ, ਸੰਸਥਾਂ ਹੁੰਦੇ ਨੇ, ਜਿਨ੍ਹਾਂ ਆਪਣੇ ਘਰ-ਪਰਿਵਾਰ ਵਾਸਤੇ ਹੀ ਸਭ ਕੁਝ ਨਹੀਂ ਕੀਤਾ ਹੁੰਦਾ, ਸਗੋਂ ਸਾਰਾ ਸਮਾਜ, ਕੌਮ ਹੀ ਉਨ੍ਹਾਂ ਨੂੰ ਆਪਣਾ ਲਗਦਾ ਹੈ। ਰਾਜਿੰਦਰ ਸਿੰਘ ਪੱਤਰਕਾਰ (ਫ਼ਤਿਹਗੜ੍ਹ ਸਾਹਿਬ) ਦੇ ਸ਼ਬਦਾਂ ਵਿਚ ਸਾਡੇ ਭਾਪਾ ਜੀ ਭਾਵੇਂ ਅੱਜ ਸਾਡੇ ਵਿਚ ਨਹੀਂ, ਪਰ ਉਨ੍ਹਾਂ ਦੇ ਕੀਰਤਨ ਦੀ ਅਵਾਜ਼ ਅਜੇ ਵੀ ਫ਼ਤਿਹਗੜ੍ਹ ਸਾਹਿਬ ਦੇ ਮੰਡਲਾਂ ਵਿਚ ਗੂੰਜ ਰਹੀ ਹੈ। ਡਾ. ਸੁਭਾਸ਼ ਪਰਿਹਾਰ (ਕੋਟਕਪੁਰਾ) ਮੁਤਾਬਕ : ਸਹੀ ਅਰਥਾਂ ਵਿਚ ਵੇਖਿਆ ਜਾਵੇ ਤਾਂ ਭਾਈ ਸਾਹਿਬ ਆਪਣੇ ਪੁੱਤਰਾਂ ਡਾ. ਜਾਗੀਰ ਸਿੰਘ ਅਤੇ ਡਾ. ਗੁਰਨਾਮ ਸਿੰਘ ਦੇ ਰੂਪ ਵਿਚ ਹਾਲੇ ਵੀ ਜਿਉਂਦੇ ਹਨ। ਕਿਉਂਕਿ ਉਨ੍ਹਾਂ ਦੀ ਜਗਾਈ ਜੋਤ ਨੂੰ ਤੁਸੀਂ ਸਾਰੇ (ਸਪੁੱਤਰ) ਬਾਲਦੀ ਰੱਖ ਰਹੇ ਹੋ। ਅਜਿਹੇ ਮਾਤਾ-ਪਿਤਾ ਅਤੇ ਉਨ੍ਹਾਂ ਦੀ ਸੰਤਾਨ ਦੋਵੇਂ ਹੀ ਧੰਨ ਹਨ।

ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਰਾਹੀਂ ਕਈ ਸੰਗੀਤ-ਪ੍ਰੇਮੀਆਂ ਨੇ ਆਪਦੀ ਅਵਾਜ਼ ਅਤੇ ਪੁਰਾਤਨ ਬੰਦਿਸ਼ਾਂ ਨੂੰ ਕੈਸਿਟਾਂ ਰਾਹੀਂ ਸੰਭਾਲਿਆ ਹੋਇਆ ਹੈ। ਆਪ ਦੀਆਂ ਕੈਸਿਟਾਂ ਸੰਗੀਤ-ਪ੍ਰੇਮੀਆਂ ਵਿਚ ਬੇਹੱਦ ਮਕਬੂਲ ਹਨ। ਕੈਸਿਟਾਂ ਅਤੇ ਪੁਰਾਣੇ ਸਪੂਲ ਅੱਜ ਵੀ ਬਹੁਤ ਸਾਰੇ ਸੰਗੀਤ ਪ੍ਰੇਮੀਆਂ ਵਿਚ ਪ੍ਰਚੱਲਿਤ ਅਤੇ ਸੁਰੱਖਿਅਤ ਹਨ।

ਭਾਈ ਸਾਹਿਬ ਦੇ ਜੀਵਨ ਦਾ ਮੁੱਖ ਆਦਰਸ਼ ਕੀਰਤਨ ਕਰਨਾ ਹੀ ਰਿਹਾ। ਉਹ ਸਮਝਦੇ ਸਨ ਕਿ ਮੇਰੀ ਸਭ ਤੋਂ ਵੱਡੀ ਪ੍ਰਾਪਤੀ ਮੇਰੇ ਇਹ ਬੇਟੇ ਹਨ, ਜਿਨ੍ਹਾਂ ਨੂੰ ਮੈਂ ਕੌਮ ਦੀ ਸੇਵਾ ਵਿਚ ਸਮਰਪਿਤ ਕੀਤਾ ਹੈ ਅਤੇ ਜਿਨ੍ਹਾਂ ਨੇ ਗੁਰੂ ਘਰ ਦੀਆਂ ਪਰੰਪਰਾਗਤ ਸ਼ੈਲੀਆਂ ਨੂੰ ਅੱਜ ਦੇ ਕੰਨਰਸ ਵਾਲੇ ਸਮੇਂ ਵਿਚ ਵੀ ਕਾਇਮ ਰੱਖਿਆ ਹੈ।

ਭਾਈ ਸਾਹਿਬ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਸਰਹਿੰਦ ਵਿਖੇ ਹਰ ਸਾਲ ਕੀਰਤਨ-ਸਮਾਗਮ ਆਯੋਜਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇੱਕ ਕੀਰਤਨ-ਪ੍ਰਤੀਯੋਗਿਤਾ ਵੀ ਹਰ ਸਾਲ ਦੇ ਪ੍ਰੋਗਰਾਮ ਵਿਚ ਕਰਵਾਏ ਜਾਣ ਬਾਰੇ ਵਿਚਾਰ ਚੱਲ ਰਹੀ ਹੈ। ਆਪ ਦੀ ਸਿਮ੍ਰਤੀ ਵਿਚ ਗੁਰਮਤਿ ਕੀਰਤਨ ਅਕਾਦਮੀ ਵੀ ਸ਼ੁਰੂ ਕੀਤੇ ਜਾਣ ਦੇ ਯਤਨ ਆਰੰਭ ਹੋ ਚੁੱਕੇ ਹਨ। ਅੰਮ੍ਰਿਤ ਕੀਰਤਨ ਟ੍ਰੱਸਟ (ਚੰਡੀਗੜ੍ਹ) ਵਲੋਂ ਸਤੰਬਰ 1996 ਵਿਚ ਆਪਦੀ ਪਹਿਲੀ ਬਰਸੀ ਤੇ ਆਪ ਦੇ ਜੀਵਨ, ਸ਼ਖਸੀਅਤ ਅਤੇ ਕਾਰਜਾਂ ਬਾਰੇ ਅੰਮ੍ਰਿਤ ਕੀਰਤਨ ਮੈਗਜ਼ੀਨ ਦਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਾ ਚੁੱਕਾ ਹੈ। ਪੰਜਾਬੀ ਯੂਨੀਵਰਸਿਟੀ ਪਮਿਟਾਲਾ ਦੇ

ਗੁਰਮਤਿ ਸੰਗੀਤ ਭਾਵਨ ਵਿਖੇ ਭਾਈ ਪਤੰਗ ਜੀ ਨੂੰ ਮਿਲੇ ਮਾਣ-ਸਨਮਾਨਾਂ ਤੋਂ ਇਲਾਵਾ ਭਾਸ਼ਾ ਵਿਭਾਗ, ਪੰਜਾਬ ਵਲੋਂ ਆਪ ਨੂੰ ਪ੍ਰਦਾਨ ਕੀਤਾ ਗਿਆ ਸ਼੍ਰੋਮਣੀ ਰਾਗੀ ਪੁਰਸਕਾਰ ਆਪ ਦਾ ਨਿੱਜੀ ਸਿਮਰਨਾਂ ਅਤੇ ਹਾਰਮੋਨੀਅਮ ਵਿਸ਼ੇਸ਼ ਤੌਰ ਤੇ ਗੁਰਮਤਿ ਸੰਗੀਤ ਪ੍ਰੇਮੀਆਂ ਖੋਜੀਆਂ ਅਤੇ ਦਰਸਕਾਂ ਦੀ ਦਿਚਸਪੀ ਲਈ ਪ੍ਰਦਰਸ਼ਿਤ ਕੀਤੇ ਗਏ ਹਨ। ਗੁਰਮਤਿ ਸੰਗੀਤ ਭਵਨ ਦੇ ਸਾਹਮਣੇ ਲਾਅਨ ਵਿਚ ਵੱਖ-ਵੱਖ ਕੀਰਤਨਕਾਰਾਂ ਦੀ ਯਾਦ ਵਿਚ ਜੋ ਪੌਦੇ ਲਾਏ ਗਏ ਹਨ, ਉਨ੍ਹਾਂ ਚੋਂ ਭਾਈ ਪਤੰਗ ਜੀ ਦੀ ਯਾਦ ਵਿਚ ਮੌਲਸਰੀ ਨਾਂ ਦਾ ਪੌਦਾ ਲੱਗਿਆ ਹੋਇਆ ਹੈ।

ਆਪਦੇ ਪਿਤਾ ਜੀ ਬਾਬਾ ਗੁਰਮੁਖ ਸਿੰਘ ਜੀ ਬੜਾ ਸੁਰੀਲਾ ਕੀਰਤਨ ਕਰਦੇ ਸਨ। ਆਪ ਨੂੰ ਸ੍ਰੀ ਸੁਖਮਨੀ ਸਾਹਿਬ ਜ਼ੁਬਾਨੀ ਯਾਦ ਸੀ। ਆਪ ਅੰਮ੍ਰਿਤ ਵੇਲੇ ਉੱਚੀ ਅਤੇ ਸੁਰੀਲੀ ਆਵਾਜ਼ ਵਿੱਚ ਪਾਠ ਕਰਦੇ ਸਨ।

ਆਪਦੇ ਵੱਡੇ ਭਰਾਤਾ ਗਿਆਨੀ ਤਖਤ ਸਿੰਘ ਉੱਚ ਕੋਟੀ ਦੇ ਵਿਦਵਾਨ ਕਥਾਕਾਰ ਅਤੇ ਗੁਰਦੁਆਰਾ ਪ੍ਰਬੰਧਕ ਸਨ। ਉਹ ਪਾਕਿਸਤਾਨ ਵਿੱਚ ਗੁਰਦੁਆਰਾ ਕੇਰ ਸਾਹਿਬ ਦੇ ਮੈਨੇਜਰ ਰਹੇ। ਬਾਅਦ ਵਿੱਚ ਗੁਅਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿੱਖੇ ਮੈਨੇਜਰ ਦੀ ਸੇਵਾ ਕਰਦੇ ਰਹੇ। ਬਹੁਤ ਘਟ ਲੋਕਾਂ ਨੂੰ ਪਤਾ ਹੈ ਸ੍ਰ ਅਬਨਾਸ਼ੀ ਸਿੰਘ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਉਚੇ ਅਹੁਦੇ ਤੇ ਸੇਵਾ ਕਰਦੇ ਰਹੇ ਉਹ ਗਿਆਨੀ ਤਖਤ ਸਿੰਘ ਹੋਰਾਂ ਦੇ ਸ਼ਗਿਰਦ ਸਨ। ਆਪਣੇ ਬਚਪਨ ਦੇ ਮੁਢਲੇ ਦਿਨ ਅਬਨਾਸ਼ੀ ਸਿੰਘ ਨੇ ਅੰਬਾਲਾ ਵਿਖੇ ਹੀ ਗੁਜ਼ਾਰੇ ਸਨ। ਅਬਨਾਸ਼ੀ ਸਿੰਘ ਹੋਰੀ ਭਾਈ ਉੱਤਮ ਸਿੰਘ ਜੀ ਨੂੰ ਆਪਣਾ ਭਰਾ ਮੰਨਦੇ ਸਨ। ਭਾਈ ਉੱਤਮ ਸਿੰਘ ਜੀ ਨੇ ਅਬਨਾਸ਼ੀ ਸਿੰਘ ਹੋਰਾਂ ਦੀ ਉਹਨਾਂ ਔਖੇ ਦਿਨਾਂ ਵਿੱਚ ਭਰਪੂਰ ਸਹਾਇਤਾ ਕੀਤੀ ਸੀ।

ਭਾਈ ਉੱਤਮ ਸਿੰਘ ਦਾ ਪਰਿਵਾਰ ਖੇਤੀ ਬਾੜੀ ਕਰਨ ਵਾਲਾ ਪਰਿਵਾਰ ਸੀ। ਮਨ ਵਿੱਚ ਕੀਰਤਨ ਨੂੰ ਕਿੱਤੇ ਦੇ ਤੌਰ ਤੇ ਅਪਨਾਉਣ ਦੀ ਇਛਾ ਨਹੀਂ ਸੀ। 1947 ਤੋਂ ਬਾਅਦ ਦੇ ਕਰੜੇ ਦਿਨਾਂ ਵਿੱਚ ਵੀ ਆਪ ਖੇਤੀ ਬਾੜੀ ਹੀ ਕਰਨਾ ਚਾਹੁੰਦੇ ਸਨ। ਇਸੇ ਲਈ ਆਪ ਨੇ ਰਾਮ ਪੁਰ ਯੂ ਪੀ ਵਿਖੇ ਇੱਕ ਫਾਰਮ ਖਰੀਦਿਆ। ਉਦੋਂ ਖੇਤੀ ਬਾੜੀ ਕਰਦਿਆਂ ਕਰਦਿਆਂ ਰੋਜ਼ ਆਪ ਦਾ ਨਿਤਨੇਮ ਹੁੰਦਾਂ ਸੀ ਕਿ ਸ਼ਾਮ ਨੂੰ ਬੱਚਿਆਂ ਨਾਲ ਸੋਦਰ ਦੀ ਚੌਕੀ ਲਗਾਉਣੀ ਅਤੇ ਰਹਿਰਾਸ ਸਾਹਿਬ ਦਾ ਪਾਠ ਕਰਨ ਲਈ ਬੱਚਿਆਂ ਨੂੰ ਪਰੇਰਿਤ ਕਰਨਾ। ਆਪ ਨੇ ਪਿੰਡ ਵਿੱਚ ਗੁਰਦੁਆਰਾ ਖੋਹਲਣ ਲਈ ਆਪਣੇ ਘਰ ਦਾ ਇੱਕ ਕਮਰਾ ਭੇਟ ਕਰ ਦਿੱਤਾ।

ਆਪ ਹਰ ਕਿਸੇ ਦੀ ਸਹਾਇਤਾ ਕਰਨ ਲਈ ਤਿਆਰ ਰਹਿੰਦੇ ਸਨ। ਇਸ ਨਾਲ ਕਈ ਵਾਰ ਆਪਣਾ ਨੁਕਸਾਨ ਵੀ ਕਰ ਲੈਂਦੇ ਸਨ। 1967 ਵਿੱਚ ਆਪ ਫਤਹਿਗੜ੍ਹ ਤੋਂ ਬਦਲ ਕੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਆ ਗਏ। ਇੱਥੇ ਉਦੋਂ ਭਾਈ ਬਖਸ਼ੀਸ਼ ਸਿੰਘ ਅਤੇ ਭਾਈ ਕਿਰਪਾਲ ਸਿੰਘ ਦੇ ਰਾਗੀ ਜਥੇ ਕੀਰਤਨ ਕਰਦੇ ਸਨ। ਭਾਈ ਉੱਤਮ ਸਿੰਘ ਹੋਰਾਂ ਨਾਲ ਉਹਨਾਂ ਦਾ ਪੁੱਤਰ ਜਾਗੀਰ ਸਿੰਘ ਅਤੇ ਤਬਲੇ ਭਾਈ ਮੋਹਨ ਸਿੰਘ ਘਾਇਲ ਸੰਗਤ ਕਰਦੇ ਸਨ। ਸੰਗਤਾਂ ਆਪ ਦੇ ਕੀਰਤਨ ਦੀ ਨੂੰ ਪਸੰਦ ਕਰਨ ਲੱਗ

ਪਈਆਂ। ਇਹਨਾਂ ਦਿਨਾਂ ਵਿੱਚ ਭਾਈ ਬਖਸ਼ੀਸ਼ ਸਿੰਘ ਦੀ ਬਹੁਤ ਚੜ੍ਹਤ ਸੀ। ਉਹਨਾਂ ਨਾਲ ਭਾਈ ਬਲਦੇਵ ਸਿੰਘ ਸਹਾਇਕ ਰਾਗੀ ਦੇ ਤੌਰ ਤੇ ਕੀਰਤਨ ਕਰਦੇ ਸਨ। ਉਹ ਉਹਨਾਂ ਨੂੰ ਛੱਡ ਕੇ ਚਲੇ ਗਏ। ਭਾਈ ਬਖਸ਼ੀਸ਼ ਸਿੰਘ ਭਾਈ ਉੱਤਮ ਸਿੰਘ ਜੀ ਕੋਲ ਆਏ ਤੇ ਆ ਕੇ ਕਹਿਣ ਲੱਗੇ ਅੱਜ ਮੈਂ ਤੁਹਾਡੇ ਕੋਲੋਂ ਕੁਝ ਮੰਗਣਾ ਹੈ ਇਨਕਾਰ ਨਾ ਕਰਿਓ ਜੇ। ਭਾਈ ਸਾਹਿਬ ਨੇ ਕਿਹਾ ਮੰਗੋ। ਉਹਨਾਂ ਨੇ ਉਹਨਾਂ ਦਾ ਲੜਕਾ ਜਾਗੀਰ ਸਿੰਘ ਮੰਗ ਲਿਆ ਭਾਈ ਉੱਤਮ ਸਿੰਘ ਹੋਰਾਂ ਨੇ ਆਪਣਾ ਜਥਾ ਤੋੜ ਲਿਆ। ਪਰ ਭਾਈ ਬਖਸ਼ੀਸ਼ ਸਿੰਘ ਦੀ ਮੰਗ ਪੂਰੀ ਕਰ ਦਿੱਤੀ। ਲੋਕਾਂ ਨੇ ਕਹਿਣਾ ਕਿ ਭਾਈ ਸਾਹਿਬ ਤੁਹਾਡਾ ਜਥਾ ਜਾਣ ਬੁਝ ਕੇ ਖਰਾਬ ਕੀਤਾ ਹੈ। ਪਰ ਭਾਈ ਉੱਤਮ ਸਿੰਘ ਪਤੰਗ ਜੀ ਦੀ ਸੋਚ ਨਿਵੇਕਲੀ ਸੀ। ਉਹ ਕਹਿੰਦੇ ਭਾਈ ਬਖਸ਼ੀਸ਼ ਸਿੰਘ ਸਿਆਣਾ ਅਤੇ ਸੁਲਝਿਆ ਕੀਰਤਨੀਆ ਹੈ ਇਸ ਨਾਲ ਰਹਿ ਕੇ ਜਾਗੀਰ ਸਿੰਘ ਕੁਝ ਨਾ ਕੁਝ ਸਿੱਖੇਗਾ ਹੀ। ਆਪ ਆਪਣੇ ਬੇਟਿਆਂ ਨੂੰ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ। ਆਪ ਨੇ ਰਾਮ ਪੁਰ ਯੂ ਪੀ ਵਾਲਾ ਫਾਰਮ ਇਸੇ ਲਈ ਵੇਚ ਦਿੱਤਾ ਕਿਉਂਕਿ ਉਥੇ ਪੜ੍ਹਾਈ ਦਾ ਪ੍ਰਬੰਧ ਨਹੀਂ ਸੀ।

ਆਪ ਆਪਣੇ ਨਿਮਰ ਅਤੇ ਮਿਲਾਪੜੇ ਸੁਭਾ ਕਾਰਨ ਹਰ ਕਿਸੇ ਦਾ ਦਿਲ ਜਿੱਤ ਲੈਂਦੇ ਸਨ। ਆਪ ਦੇ ਮਿੱਤਰਾਂ ਵਿੱਚ ਜਥੇਦਾਰ ਸ਼ਰਮ ਸਿੰਘ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸਿੰਘ ਸਾਹਿਬ ਗਿਆਨੀ ਸੋਹਣ ਸਿੰਘ, ਅਬਨਾਸ਼ੀ ਸਿੰਘ, ਪ੍ਰਿੰਸੀਪਲ ਸੁਜਾਨ ਸਿੰਘ ਕਹਾਣੀਕਾਰ ਆਦਿ ਸਨ।

ਆਪ ਨੂੰ ਗੁਰਧਾਮਾਂ ਦੀ ਯਾਤਰਾ ਕਰਨ ਸ਼ੌਕ ਸੀ। ਬਚਪਨ ਵਿੱਚ ਵੀ ਆਪ ਗੁਰਧਾਮਾਂ ਦੀ ਯਾਤਰਾ ਲਈ ਨਿਕਲ ਜਾਂਦੇ ਸਨ। ਆਪ ਆਪਣੀ ਨੌਕਰੀ ਤੋਂ ਛੁੱਟੀ ਲੈ ਕੇ ਵੀ ਅਜਿਹਾ ਕਰਦੇ ਰਹੇ। ਇਸ ਸਮੇਂ ਆਪ ਆਪਣਾ ਸਫਰੀ ਹਰਮੋਨੀਅਮ ਨਾਲ ਰਖਦੇ ਜਿਥੇ ਮੌਕਾ ਮਿਲਦਾ ਕੀਰਤਨ ਕਰਨ ਲੱਗ ਜਾਂਦੇ।

ਜਿਵੇਂ ਕਿ ਉਪਰ ਲਿਖਿਆ ਹੋਇਆ ਜਾ ਚੁੱਕਾ ਹੈ, ਭਾਈ ਉਤੱਮ ਸਿੰਘ ਪਤੰਗ ਮਹਿਜ਼ ਇੱਕ ਵਿਅਕਤੀ ਨਹੀਂ, ਸਗੋਂ ਸੰਸਥਾ ਸਨ। ਉਨ੍ਹਾਂ ਨੇ ਅਨੇਕਾਂ ਪ੍ਰਾਣੀਆਂ ਨੂੰ ਗੁਰਬਾਣੀ, ਗੁਰਮਤਿ ਤੇ ਕੀਰਤਨ ਨਾਲ ਜੋੜਿਆ। ਸ਼ਾਇਦ ਇਹੋ ਜਿਹੇ ਸਦਾਚਾਰੀ ਤੇ ਪਰਉਪਕਾਰੀ ਜੀਉੜਿਆਂ ਦੇ ਪ੍ਰਥਾਇ ਗੁਰੂ ਅਰਜਨ ਦੇਵ ਜੀ ਨੇ ਅੰਕਿਤ ਕੀਤਾ ਹੈ:

· ਓਹੁ ਧਨਵੰਤ ਕੁਲਵੰਤੁ ਪਤਿਵੰਤੁ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥
(ਗਉੜੀ ਸੁਖਮਨੀ, ਮਹਲਾ ੫, ੨੯੪)

**# ਨੇੜੇ ਗਿੱਲਾਂ ਵਾਲਾ ਖੂਹ, ਤਲਵੰਡੀ ਸਾਬੋ, ਬਠਿੰਡਾ, ਮੋ: 9417692015**

**ਬਾਬੇ ਤਾਰੇ ਚਾਰਿ ਚਕਿ**

ਪੁਸਤਕ ਪ੍ਰਾਪਤ ਕਰਨ ਲਈ ਹੇਠ ਲਿਖੇ ਪਤੇ ਤੇ ਸਪੰਰਕ ਕਰੋ ਜੀ :-

**ਜਗਦੀਸ਼ ਸਿੰਘ ਢਿਲੋਂ**

**ਮਕਾਨ ਨੰ: 483, ਸੈਕਟਰ 80, ਐਸ. ਏ. ਐਸ ਨਗਰ, ਮੋਹਾਲੀ**

**ਮੋ: 98554-72015**

# ਬਾਬੇ ਤਾਰੇ ਚਾਰ ਚਕਿ

**ਜਗਤਾਰਜੀਤ ਸਿੰਘ**

ਇਹ ਵੱਡੇ ਆਕਾਰ ਵਾਲੀ ਕਿਤਾਬ ਹੈ। ਆਕਾਰ ਜਾਣ-ਬੁਝ ਕੇ ਨਹੀਂ ਵਧਾਇਆ ਗਿਆ। ਇਹ ਤਾਂ ਸਹਿਜ ਸੁਭਾਅ ਹੋਣ ਵਾਲੇ ਕੰਮ ਦਾ ਕਰਮ ਹੈ ਜੋ ਆਰੰਭ ਹੋ ਅੱਗੇ ਵਧਦਾ ਗਿਆ ਅਤੇ ਛੇਕੜ ਆਪਣੇ ਗੁਰੂ ਨੂੰ ਚਿਤਵ-ਚਿਤਵ ਕੇ ਪੂਰਾ ਹੋ ਵਿਸਰਾਮ ਅਵਸਥਾ ਵਿਚ ਆ ਗਿਆ।

ਕਿਤਾਬ ਦਾ ਸੰਬੰਧ ਗੁਰੂ ਨਾਨਕ ਦੇ ਵੱਲੋਂ ਕੀਤੇ ਗਏ ਸਫ਼ਰ ਨਾਲ ਸੰਬੰਧਿਤ ਹੈ। ਉਨ੍ਹਾਂ ਚਾਰ ਉਦਾਸੀਆਂ ਚਾਰ ਦਿਸ਼ਾਵਾਂ ਵਲ ਕੀਤੀਆਂ ਸਨ। ਚਾਰ ਉਦਾਸੀਆਂ, ਚਾਰ ਦਿਸ਼ਾਵਾਂ ਮੁੜ ਦਰਬਾਰ ਸਾਹਿਬ ਦੇ ਚਾਰ ਦਰਵਾਜ਼ੇ ਭਿੰਨਤਾ ਵਿਚਾਲਿਓਂ ਇਕ ਸਾਂਝ ਦਾ ਰਾਹ ਤੋਰਨ ਦੀ ਜਿੰਦ ਹੈ। ਅਤੇ ਪੰਜਾਹ ਸਾਲ ਤੱਕ ਹਰ ਨਿੱਕੀ-ਵੱਡੀ ਜਾਣਕਾਰੀ ਦੇਖੀ-ਪਰਖੀ ਅਤੇ ਸਾਂਭੀ ਗਈ। ਜਦ ਮਹਿਸੂਸ ਹੋਇਆ ਕਿ ਬਿਰਤਾਂਤ ਪੂਰਾ ਹੋ ਗਿਆ ਹੈ, ਉਸ ਨੂੰ ਪੁਸਤਕ 'ਬਾਬੇ ਤਾਰੇ ਚਾਰਿ ਚਕਿ' ਰੂਪ ਦੇ ਦਿੱਤਾ ਗਿਆ। ਸਾਰੇ ਹਵਾਲਿਆਂ ਨੂੰ ਕਲਮਬੱਧ ਕਰਨ ਵਾਲੇ ਦਾ ਨਾਮ 'ਜਗਦੀਸ਼ ਸਿੰਘ ਢਿੱਲੋਂ' ਹੈ। ਸੱਚੀਂ-ਮੁੱਚੀਂ ਇਹ 703 ਪੰਨਿਆਂ ਦੀ ਵੱਡ-ਆਕਾਰੀ ਪੁਸਤਕ ਹੈ। ਲੇਖਕ ਸਾਰੀ ਕਿਤਾਬ ਵਿਚ ਗੁਰੂ ਨਾਨਕ ਦੇਵ ਨੂੰ 'ਬਾਬਾ ਨਾਨਕ' ਨਾਮ ਨਾਲ ਸੰਬੋਧਿਤ ਹੈ। ਇਸ ਪਿੱਛੇ ਉਸ ਦਾ ਤਰਕ ਹੈ ''ਮੈਂ ਬਾਬਾ ਨਾਨਕ ਲਿਖ ਕੇ ਆਪਣੇ ਆਪ ਨੂੰ ਬਾਬਾ ਨਾਨਕ ਦੀ ਅੰਸ਼ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਲਈ ਬਾਬਾ ਨਾਨਕ ਨੂੰ ਗੁਰੂ ਨਾਨਕ ਲਿਖਣ ਤੋਂ ਮੁੱਖ ਮੋੜਿਆ ਹੈ। (ਪੰਨਾ 8)

ਨਾਂ ਦੀ ਚੋਣ ਰਾਹੀਂ ਲੇਖਕ ਦੀ ਆਪਣੀ ਅਡੋਲਤਾ ਨੂੰ ਵੀ ਜ਼ਾਹਿਰ ਕਰ ਰਿਹਾ ਹੈ। ਇੱਥੇ ਸੰਸਾਰਿਕ ਉਮਰ ਬੇਮਾਅਨੇ ਹੋ ਜਾਂਦੀ ਹੈ। ਬਾਬਾ ਭਾਵ ਵੱਡਾ। ਉਹ ਕਿਸੇ ਵੀ ਸਮੇਂ-ਸਥਾਨ ਵਿਚ ਟਿਕਿਆ ਹੋਵੇ ਜਾਂ ਕਿਸੇ ਦੇ ਸਨਮੁੱਖ ਹੋਵੇ, ਉਹ ਨਿਰਵਿਵਾਦ ਵੱਡੇ ਹੀ ਰਹਿਣਗੇ। ਇਸੇ ਵਿਹਾਰ ਅਨੁਸਾਰ ਕਿਤਾਬ ਵਿਚ ਬਾਬਾ ਨਾਨਕ ਨੂੰ ਇਕਸਾਰ, ਅਡੋਲ ਸਤਿਕਾਰ ਦਿੱਤਾ/ਮਿਲਿਆ ਹੈ।

ਲੇਖਕ ਨੂੰ ਬਾਬਾ ਨਾਨਕ ਦੇ ਜੀਵਨ ਨੂੰ ਜਾਣਨ ਦੀ ਚੇਟਕ ਭਾਈ ਵੀਰ ਸਿੰਘ ਦੀ ਲਿਖੀ 'ਗੁਰੂ ਨਾਨਕ ਚਮਤਕਾਰ' ਪੁਸਤਕ ਪੜ੍ਹਨ ਉਪਰੰਤ ਲੱਗੀ। ਇਹ ਵਾਕਿਆ 1963 ਦਾ ਹੈ।

ਪੁਸਤਕ ਖੋਲ੍ਹ ਜਦ ਪੰਨੇ ਪਲਟਣ ਲਗਾ ਤਾਂ ਨਜ਼ਰ ਸਮਰਪਣ ਵਾਲੇ ਵਰਕ ਉੱਪਰ ਅਟਕ ਗਈ। ਕਿਤਾਬ ਬਾਬਾ ਨਾਨਕ ਦੇ ਮੁਰੀਦ ਬਣੇ ਇਕ ਮੁਸਲਮਾਨ ਰੁਕਨਦੀਨ ਨੂੰ ਸਮਰਪਿਤ ਹੈ। ਸਮਰਪਣ ਭਾਵਪੂਰਨ ਹੈ:

''ਰੁਕਨਦੀਨ ਦੇ ਨਾਂ ਜਿਹੜਾ ਕਿਸੇ ਹਿੰਦੂ ਤੋਂ ਨਹੀਂ ਮੁਸਲਮਾਨ ਤੋਂ ਬਾਬਾ ਨਾਨਕ ਦਾ ਮੁਰੀਦ ਬਣਿਆ ਸੀ। ਜਿਸ ਨੇ ਆਪਣੇ ਸਰੀਰ, ਦਿਲ ਅਤੇ ਆਤਮਾ ਉੱਤੇ ਤਸੀਹੇ ਝੱਲ ਕੇ ਸ਼ਹੀਦੀ ਪਾਈ ਪਰ ਬਾਬਾ ਨਾਨਕ ਤੋਂ ਮੁੱਖ ਨਾ ਮੋੜਿਆ। ...ਬਾਬਾ ਨਾਨਕ ਲਈ ਕੁਰਬਾਨੀ ਦਿੱਤੀ। ਬਾਬਾ ਨਾਨਕ ਦੀ ਸਿੱਖੀ ਲਈ ਕੁਰਬਾਨੀ ਦਿੱਤੀ। ਨਿਰਸੰਦੇਹ ਰੁਕਨਦੀਨ ਸਿੱਖ ਧਰਮ ਦਾ ਪਹਿਲਾ ਸ਼ਹੀਦ ਹੈ।''

ਰੁਕਨਦੀਨ ਬਾਰੇ ਮੈਨੂੰ ਜ਼ਿਆਦਾ ਜਾਣਕਾਰੀ ਨਹੀਂ ਸੀ। ਇਹ ਪੁਸਤਕ ਉਸ ਦੇ ਰੁਤਬੇ ਅਤੇ ਸਥਿਤੀ ਨੂੰ ਵਿਸਥਾਰ ਨਾਲ ਦੱਸਦੀ ਹੈ। ਪੁਸਤਕ ਅੰਦਰ ਦਰਜ਼ ਵੇਰਵਿਆਂ ਨੇ ਉਸ ਸ਼ਖ਼ਸੀਅਤ ਦੇ ਹਿਰਦੇ ਪਰਿਵਰਤਨ ਦੀ ਗੱਲ ਕੀਤੀ ਹੈ। ਜੇ ਉਹ ਬਾਬਾ ਨਾਨਕ ਦਾ ਮੁਰੀਦ ਬਣਿਆ ਤਾਂ ਉਸ ਚੁਣੇ ਰਾਹ ਤੋਂ ਮੁੱਖ ਨਹੀਂ ਮੋੜਿਆ, ਆਪਣੀ ਜਾਨ ਵਾਰ ਦਿੱਤੀ।

ਬਾਬਾ ਨਾਨਕ ਨਾਲ ਭਾਈ ਮਰਦਾਨਾ ਸੀ।'' ਆਪਣੇ ਜਨਮ ਸਥਾਨ ਤੋਂ ਸੈਂਕੜੇ ਕੋਹ ਦੂਰ, ਬੇਗਾਨੇ ਦੇਸ ਦੀ ਧਰਤ ਉੱਪਰ ਮੁਸਲਿਮ ਧਰਮ ਦੇ ਪੈਰੋਕਾਰ ਨੂੰ ਕੀਰਤਨ/ਸੰਗੀਤ ਅਤੇ ਪ੍ਰਸ਼ਨੋਤਰੀ ਰਾਹੀਂ ਆਪਣਾ ਮੁਰੀਦ ਬਣਾਉਣ ਵਾਲੀ ਸ਼ਖ਼ਸੀਅਤ ਦਾ ਸਰੂਪ ਅਕੱਥ, ਕਲਪਨਾ ਤੋਂ ਪਰ੍ਹੇ ਹੀ ਹੋ ਸਕਦਾ ਹੈ। ਲੇਖਕ ਨੇ ਇਹਦੀ ਚਰਚਾ ਨਹੀਂ ਕੀਤੀ। ਉਹ ਬਾਬਾ ਨਾਨਕ ਦੇ ਵਿਹਾਰ ਵਾਲੇ ਪੱਖ ਨੂੰ ਅੱਗੇ ਲਿਆਉਂਦਾ ਹੈ। ਗੁਰੂ ਸਾਹਿਬ ਪ੍ਰਮੁੱਖ ਥਾਵਾਂ ਪੁਰ ਪਹੁੰਚ ਕੇ ਬਾਣੀ ਗਾਉਂਦੇ ਹਨ। ਬਾਣੀ ਦਾ ਗਾਇਣ ਲੋਕਾਂ ਨੂੰ ਆਪਣੇ ਵੱਲ ਖਿੱਚਦਾ ਹੈ। ਆਇਆ ਜਗਿਆਸੂ ਆਉਣ ਵਾਲੇ ਕੋਲੋਂ ਉਸ ਦਾ ਨਾਮ, ਥਾਂ, ਧਰਮ ਪੁੱਛਦਾ ਹੈ। ਬਾਬਾ ਨਾਨਕ ਖ਼ੁਦ ਨੂੰ ਅਤੇ ਆਉਣ ਵਾਲੇ ਨੂੰ ਰੱਬ ਦਾ ਬੰਦਾ ਹੀ ਮੰਨਦੇ ਹਨ। ਸਭ ਇੱਕੋ ਕਰਤੇ ਦੀ ਕਿਰਤ ਹੈ। ਕਹਿਣ ਵਾਲੇ ਦਾ ਏਦਾਂ ਕਿਹਾ ਸਾਹਮਣੇ ਵਾਲੇ ਨੂੰ ਬੇਪੈਰ ਕਰ ਦਿੰਦਾ ਹੈ।

ਉਨ੍ਹਾਂ ਦਾ ਅਕੀਦਾ ਕਿਸੇ ਨੂੰ ਇਹ ਨਹੀਂ ਕਹਿੰਦਾ ਕਿ ਉਹ ਆਪਣਾ ਧਰਮ ਤਿਆਗ ਦੇਣ। ਹਾਂ, ਇਹ ਜ਼ਰੂਰ ਹੋਇਆ ਕਿ ਸਾਹਮਣੇ ਬੈਠਾ ਪ੍ਰਸ਼ਨ-ਕਰਤਾ/ਜਗਿਆਸੂ ਬਾਬਾ ਨਾਨਕ ਦੇ ਵਿਚਾਰ ਸੁਣ ਉਨ੍ਹਾਂ ਦਾ ਸਿੱਖ ਬਣ ਗਿਆ।

ਬਾਬਾ ਨਾਨਕ ਦੀ ਦੂਸਰੀ ਉਦਾਸੀ ਦਾ ਪੈਂਡਾ ਲੰਬਾ ਹੈ, ਉਹ ਲੰਬੇ ਸਮੇਂ ਤੱਕ ਘਰੋਂ ਦੂਰ ਰਹਿੰਦੇ ਹਨ। ਮੋਟੇ ਤੌਰ ਉੱਪਰ ਇਸ ਉਦਾਸੀ ਦਾ ਸੰਵਾਦ ਮੁਸਲਿਮ ਅਤੇ ਈਸਾਈ ਧਰਮ ਦੇ ਮੁਖੀਆਂ ਨਾਲ ਹੈ। ਮੁਸਲਿਮ ਧਰਮ ਆਪਣੀ ਕੱਟੜਤਾ ਲਈ ਪ੍ਰਸਿੱਧ ਹੈ ਜਿੱਥੇ ਦੂਜਿਆਂ ਨੂੰ ਕਾਫ਼ਰ ਮੰਨਿਆ ਜਾਂਦਾ ਹੈ। ਉਸ ਵੇਲੇ ਈਸਾਈ ਧਰਮ ਅੰਦਰ ਆਪਣੀ ਤਰ੍ਹਾਂ ਦੀ ਗਿਰਾਵਟ ਆਈ ਹੋਈ ਸੀ। ਪੋਪ ਪੈਸੇ ਲੈ ਮੁਆਫ਼ੀਆਂ ਵੰਡ ਰਿਹਾ ਸੀ। ਪ੍ਰਚਲਿਤ ਦਾਸ ਪ੍ਰਥਾ ਸਮਾਜ ਦਾ ਭੈੜਾ ਰੂਪ ਪੇਸ਼ ਕਰ ਰਹੀ ਸੀ। ਬਾਬਾ ਨਾਨਕ ਅਰਬ, ਅਫ਼ਰੀਕੀ, ਅਮਰੀਕੀ, ਯੂਰਪ ਦੇਸ਼ਾਂ ਦਾ ਰਟਨ ਕਰਦੇ ਹਨ। ਹਰ ਥਾਂ ਬਾਬਾ ਨਾਨਕ ਵੱਲੋਂ ਮਨੁੱਖਤਾ ਅਤੇ ਸਭ ਦੇ ਬਰਾਬਰ ਹੋਣ ਦਾ ਸੰਦੇਸ਼ ਦਿੱਤਾ ਜਾਂਦਾ ਹੈ। ਕਾਜ਼ੀ ਰੁੱਕਨਦੀਨ, ਰੋਮ ਦੇ ਪੋਪ ਦੇ ਇਲਾਵਾ ਰੋਮਨ ਕੈਥੋਲਿਕਾਂ ਦੇ ਵਿਹਾਰ ਦੇ ਵਿਰੁੱਧ ਬੋਲਣ-ਪ੍ਰਚਾਰ ਕਰਨ ਵਾਲੇ ਜਰਮਨਵਾਸੀ ਮਾਰਟਿਨ ਲੁੱਥਰ ਨੇ ਬਾਬਾ ਨਾਨਕ ਦਾ ਸਾਥ ਮਾਣਿਆ। ਮਾਰਟਿਨ ਲੁੱਥਰ ਨੇ ਤਾਂ ਲੰਬੇ ਸਮੇਂ ਤੱਕ ਬਾਬਾ ਨਾਨਕ ਦੇ ਨਾਲ ਯਾਤਰਾ ਕੀਤੀ।

ਕਿਤਾਬ ਦੱਸਦੀ ਹੈ ਬਾਬਾ ਨਾਨਕ ਦੀ ਉਪਦੇਸ਼-ਵਿਧੀ ਹਰ ਥਾਂ ਲਗਭਗ ਇੱਕੋ ਜਿਹੀ ਹੈ। ਜਿੱਥੇ ਪਹੁੰਚਣਾ ਉੱਥੇ ਪਰਮਾਤਮਾ ਦਾ ਜੱਸ ਗਾਇਣ ਕਰਨਾ। ਦੂਜੀ ਧਿਰ ਦਾ ਵਿਅਕਤੀ ਵਿਰੋਧ ਹਿਤ ਬਾਬਾ ਨਾਨਕ ਨਾਲ ਸੰਵਾਦ ਰਚਾਏਗਾ ਜਾਂ ਫੇਰ ਪ੍ਰਭਾਵਿਤ ਹੋ ਕੇ ਗਿਆਨ ਚਰਚਾ ਕਰੇਗਾ। ਸਥਿਤੀ ਕੋਈ ਵੀ ਹੋਵੇ, ਦੋਵੇਂ ਥਾਈਂ ਵਿਪੱਖੀ ਬਾਬਾ ਨਾਨਕ ਦੀ ਗੱਲ ਮੰਨਦਿਆਂ , ਉਨ੍ਹਾਂ ਅੱਗੇ ਸਿਰ ਝੁਕਾਅ ਆਪਣੇ ਕਹੇ, ਕੀਤੇ ਲਈ ਖਿਮਾ ਮੰਗੇਗਾ। ਭਿੰਨ-ਭਿੰਨ ਜਨਮ-ਸਾਖੀਆਂ ਦੀ ਬਣਤਰ ਏਦਾਂ ਦੀ ਹੈ। ਜਗਦੀਸ਼ ਸਿੰਘ ਢਿੱਲੋਂ ਬਾਬਾ ਨਾਨਕ ਦੀਆਂ ਯਾਤਰਾਵਾਂ ਵਿਚਾਲੇ ਆਉਣ ਵਾਲੇ ਪੜਾਵਾਂ ਨੂੰ ਕ੍ਰਮਵਾਰ ਦੱਸਣ ਦੇ ਇਲਾਵਾ ਉੱਥੇ ਹੋਣ ਵਾਲੇ ਵਰਤੋਂ-ਵਿਹਾਰ ਦਾ ਬਿਉਰਾ ਵੀ ਦਰਜ਼ ਕਰਦਾ ਹੈ। ਪੇਸ਼ ਕੀਤਾ ਬਿਰਤਾਂਤ ਪ੍ਰਾਪਤ ਜਨਮ-ਸਾਖੀਆਂ ਜਿਹਾ ਨਹੀਂ ਪਰ ਫੇਰ ਵੀ ਜਨਮ-ਸਾਖੀਆਂ ਤੋਂ ਪ੍ਰੇਰਿਤ ਕਿਹਾ ਜਾ ਸਕਦਾ ਹੈ।

ਬਾਬਾ ਨਾਨਕ ਨੇ ਆਪਣੀ ਬਾਣੀ ਵਿਚ ਪਾਣੀ ਨੂੰ ਪਿਤਾ ਕਿਹਾ ਹੈ। ਆਪਣੀਆਂ ਚਾਰੋ ਉਦਾਸੀਆਂ ਵੇਲੇ ਉਹ ਕਈ ਥਾਂ ਪਾਣੀ ਦੇ ਸਰੋਤ ਨੂੰ ਪ੍ਰਗਟ ਕਰਦੇ ਹਨ ਜਿੱਥੇ ਉਸ ਦੀ ਹੋਂਦ ਨਹੀਂ ਹੈ। ਕਈ ਵਾਰ ਬਾਬਾ ਨਾਨਕ ਮਿਲਦੇ ਖਾਰੇ ਪਾਣੀ ਦੇ ਬਦਲ ਵਜੋਂ ਮਿੱਠੇ ਪਾਣੀ ਦਾ ਸਰੋਤ ਪ੍ਰਗਟ ਕਰਦੇ ਹਨ। ਏਦਾਂ ਸਥਾਨਕ ਲੋਕਾਂ ਦੀ ਬੇਨਤੀ, ਜ਼ਰੂਰਤ ਨੂੰ ਧਿਆਨ ਵਿਚ ਰੱਖਿਆ ਗਿਆ। ਅਸਚਰਜ ਤਾਂ ਇਹ ਹੈ ਕਿ ਸਾਰੇ ਜਲ-ਸਰੋਤ ਅੱਜ ਵੀ ਜੀਵਤ ਹਨ। ਕਿਤਾਬ ਵਿਚ 22 ਅਜਿਹੇ ਸਰੋਤਾਂ ਦਾ ਜ਼ਿਕਰ ਹੈ।

ਲੇਖਕ ਜੋ ਲਿਖ ਰਿਹਾ ਹੈ, ਉਸ ਵਿਚ ਉਲਾਰਪਣ ਨਹੀਂ, ਨਾ ਹੀ ਕਿਸੇ ਤਰ੍ਹਾਂ ਦਾ ਨਿੱਜੀ ਵਿਖਾਲਾ ਹੈ। ਹਾਂ, ਮਿਹਨਤ ਬੋਲਦੀ ਮਹਿਸੂਸੀ/ਸੁਣੀ ਜਾ ਸਕਦੀ ਹੈ। ਉਹ ਆਪਣੇ ਲਿਖੇ ਲਈ ਔਖੀ ਵਾਕ-ਬਣਤਰ ਅਤੇ ਸ਼ਬਦ ਚੋਣ ਨਹੀਂ ਕਰਦਾ। ਇਹ ਪਾਠਕ ਨੂੰ ਬਿਰਤਾਂਤ ਨਾਲ ਜੋੜੀ ਰੱਖਣ ਦਾ ਗੁਣ ਹੈ।

ਪੁਸਤਕ-ਬਣਤਰ ਲਈ ਆਈਆਂ ਜਾਣਕਾਰੀਆਂ ਦੇ ਸਰੋਤ ਭਿੰਨ-ਭਿੰਨ ਹਨ। ਪਰ ਇਸ ਕਿਤਾਬ ਵਿਚ ਉਨ੍ਹਾਂ ਦਾ ਜ਼ਿਕਰ ਨਹੀਂ। ਓਦਾਂ ਉਹ ਲੇਖਕ ਪਾਸ ਸੁਰੱਖਿਅਤ ਹਨ।

ਮੱਕਾ, ਮਦੀਨਾ ਅਤੇ ਦੂਜੇ ਅਰਬ ਦੇਸ਼ਾਂ ਦੀਆਂ ਯਾਤਰਾਵਾਂ ਦਾ ਵੇਰਵਾ ਤਾਜੁਦੀਨ ਨਕਸ਼ ਅਤੇ  ਦੇ ਲਿਖੇ ਰੋਜ਼ਨਾਮਚੇ ਵਿਚ ਸੁਰੱਖਿਅਤ ਹੈ ਜਿਸ ਦਾ ਉਲੱਥਾ ਮਿਠਨਕੋਟ (ਕਸ਼ਮੀਰ) ਦੇ ਸੱਯਦ ਮੁਸ਼ਤਾਕ ਅਲੀ ਨੇ ਕੀਤਾ। ਇਹ ਸ਼ਖ਼ਸ ਬਾਬਾ ਨਾਨਕ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸਿੱਖ ਹੋ ਜਾਂਦਾ ਹੈ ਅਤੇ ਫੇਰ ਸੱਯਦ ਪ੍ਰਿਤੀਪਾਲ ਸਿੰਘ ਦੇ ਨਾਮ ਨਾਲ ਜਾਣਿਆ ਜਾਣ ਲਗਦਾ ਹੈ। ਅੱਜਕੱਲ੍ਹ ਸੱਯਦ ਸਿਮਰ ਸਿੰਘ (ਪ੍ਰਿਤੀਪਾਲ ਸਿੰਘ ਦਾ ਪੜਪੋਤਾ) ਉਸ ਵਿਰਸੇ ਨੂੰ ਸੰਭਾਲ਼ ਅਤੇ ਅੱਗੇ ਤੋਰ ਰਿਹਾ ਹੈ।

ਬਾਬਾ ਨਾਨਕ ਦੀ ਦੱਖਣ ਫੇਰੀ ਦਾ ਆਪਣਾ ਮਹੱਤਵ ਹੈ। ਜਿੱਥੋਂ ਤੱਕ ਉਹ ਪਹੁੰਚੇ ਉਨ੍ਹਾਂ ਖ਼ੁਦ ਨੂੰ ਕਿਸੇ ਵਰਗ, ਜਾਤ, ਧਰਮ ਦੇ ਅੰਗ ਵਜੋਂ ਪੇਸ਼ ਨਹੀਂ ਕੀਤਾ। ਖ਼ੁਦ ਨੂੰ ਮਨੁੱਖ ਅਤੇ ਮਨੁੱਖਤਾ ਦਾ ਪ੍ਰਚਾਰਕ ਕਿਹਾ। ਮਨੁੱਖਤਾ, ਬਰਾਬਰੀ ਆਪਦੇ ਆਪ ਵਿਚ ਅਜਿਹੇ ਸ਼ਬਦ ਹਨ ਜਿਹੜੇ ਖੜ੍ਹੇ ਪਾਣੀ ਨੂੰ ਅਸਥਿਰ ਕਰ ਦੇਂਦੇ ਹਨ। ਧਰਮ-ਸਮਾਜ ਇਸ ਤੋਂ ਭੈਭੀਤ ਹੁੰਦਾ ਹੈ। ਰਾਜ ਕਰਨ ਵਾਲਿਆਂ ਨੂੰ ਊਚ-ਨੀਚ ਦੀ ਵੰਡ ਰਾਸ ਆਉਂਦੀ ਹੈ।

ਜਗਦੀਸ਼ ਸਿੰਘ ਦੀ ਲਿਖੀ ਕਿਤਾਬ ਦਾ ਪਾਠ, ਪਾਠਕ ਨੂੰ ਆਪਣੇ ਨਾਲ ਤੋਰ ਲੈਂਦਾ ਹੈ। ਪਾਠਕ ਤੁਰਦਾ-ਤੁਰਦਾ ਬਾਬਾ ਨਾਨਕ ਦੇ ਹੋਰ ਕਰੀਬ ਹੋ, ਉਨ੍ਹਾਂ ਦੇ ਵਿਰਾਟ ਸਰੂਪ ਅਤੇ ਕਾਰਜ ਦੀ ਛੋਹ ਮਹਿਸੂਸ ਕਰਦਾ ਹੈ।

**ਮੋ : 98990-91186**

# ਤਿੰਨ ਤਾਲ: ਕਾਇਦਾ ਸੀਰੀਜ਼

**ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ**
**(ਲਾਹੌਰ ਬਾਜ, ਪੰਜਾਬ ਘਰਾਣਾ)**

ਤਬਲਾ ਵਿਦਿਆਰਥੀਆਂ ਲਈ ਲੜੀਵਾਰ ਕਾਇਦਾ ਸੀਰੀਜ਼ ਅਧੀਨ **ਕਾਇਦਾ ਨੰ: 12** ਦੇ ਰਿਹਾ ਹਾਂ। ਜਿਸ ਦਾ ਇਜ਼ਾਫ਼ਾ 8 ਬੰਧਾਂ ਜ਼ਰੀਏ ਕੀਤਾ ਗਿਆ ਹੈ। ਕਾਇਦੇ ਦਾ ਮੁਖ ਬੋਲ 8 ਮਾਤ੍ਰਾ ਦਾ ਹੈ, 4 ਮਾਤ੍ਰਾ ਦਾ ਜੋੜ ਹੈ ਅਤੇ 4 ਮਾਤ੍ਰਾ ਦੀ ਖਾਲੀ ਰਦੀਫ਼ ਹੈ। ਇਸੇ ਤਰ੍ਹਾਂ ਦੂਜੇ ਹਿੱਸੇ ਵਿੱਚ ਵੀ 8 ਮਾਤ੍ਰਾ ਦਾ ਬੋਲ ਖਾਲੀ ਹੈ, 4 ਮਾਤ੍ਰਾ ਦਾ ਜੋੜ ਭਰਿਆ ਹੈ ਅਤੇ 4 ਮਾਤ੍ਰਾ ਦੀ ਰਦੀਫ਼ ਦਾ ਬੋਲ ਵੀ ਭਰਿਆ ਹੈ। ਤਿਟ ਦਾ ਬੋਲ ਚਲ ਹੈ। ਆਖ਼ਿਰ ਵਿੱਚ ਕਾਇਦੇ ਦਾ ਮੁਕਾਮ ਚਕਰਦਾਰ ਹੈ। ਕਾਇਦੇ ਦੇ ਨਿਕਾਸ ਜਾਂ ਵਧੇਰੇ ਜਾਣਕਾਰੀ ਲਈ ਸਿੱਖਿਆਰਥੀ ਮੈਨੂੰ ਫੋਨ ਕਰ ਸਕਦੇ ਹਨ।

## ਕਾਇਦਾ # 12

ਧਾੜਾ ਘੇਘੇ ਨਗ ਤਿਕ ਘਿਨਾ ਨਗ ਤਿੰਟ ਤਿਟ, ਕਿਟ ਨਾੜਾ ਗਧਾ ਤਿਟ ਧਾਗੇ ਨਾਤਿ ਨ੍ਤਿ ਨਕ ।
ਤਾੜਾ ਕੇਕੇ ਨਕ ਤਿਕ ਕਿਨਾ ਨਕ ਤਿਟ ਤਿਟ, ਕਿਟ ਨਾੜਾ ਗਧਾ ਤਿਟ ਧਾਗੇ ਨਧਿ ਨ੍ਧਿ ਨਗ ॥

### ਦੋਹਰਾ

ਧਾੜਾਘੇਘੇ ਨਗਤਿਕ ਘਿਨਾਨਗ ਤਿਟਤਿਟ,ਧਾੜਾਘੇਘੇ ਨਗਤਿਕ ਘਿਨਾਨਗ ਤਿਟਤਿਟ,
ਧਾੜਾਘੇਘੇ ਨਗਤਿਕ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਤਿ ਨ੍ਤਿਨਕ ।
ਤਾੜਾਕੇਕੇ ਨਕਤਿਕ ਕਿਨਾਨਕ ਤਿਟਤਿਟ, ਤਾੜਾਕੇਕੇ ਨਕਤਿਕ ਕਿਨਾਨਕ ਤਿਟਤਿਟ,
ਧਾੜਾਘੇਘੇ ਨਗਤਿਕ ਘਿਨਾਨਗ ਤਿਟਤਿਟ,ਕਿਟਨਾੜਾ ਗਧਾਤਿਟ ਧਾਗੇਨਾਧਿ ਨ੍ਧਿਨਗ ॥

### ਬੰਧ # 1

ਘਿਨਾਨਗ ਤਿਟਤਿਟ ਧਾੜਾਘੇਘੇ ਨਗਤਿਕ, ਤਿਕਘਿਨਾ ਨਗਤਿਕ ਧਾੜਾਘੇਘੇ ਨਗਤਿਕ,
ਧਾੜਾਘੇਘੇ ਨਗਤਿਕ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਤਿ ਨ੍ਤਿਨਕ ।
ਕਿਨਾਨਕਤਿਟਤਟ ਤਾੜਾਕੇਕੇਨਕਤਿਕ ਤਿਕਕਿਨਾਨਕਤਿਕ ਤਾੜਾਕੇਕੇ ਨਕਤਿਕ,
ਧਾੜਾਘੇਘੇ ਨਗਤਿਕ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਾਧਿ ਨ੍ਧਿਨਗ ॥

### ਬੰਧ # 2

ਘਿਨਾਨਗ ਤਿਟਤਿਟ ਘਿਨਾਨਗ ਤਿਟਤਿਟ, ਧਾੜਾਘੇਘੇ ਨਗਤਿਕ ਧਾੜਾਘੇਘੇ ਨਗਤਿਕ,
ਧਾੜਾਘੇਘੇ ਨਗਤਿਕ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਾਤਿ ਨ੍ਤਿਨਕ ।
ਕਿਨਾਨਕ ਤਿਟਤਿਟ ਕਿਨਾਨਕ ਤਿਟਤਿਟ, ਤਾੜਾਕੇਕੇ ਨਕਤਿਕ ਤਾੜਾਕੇਕੇ ਨਕਤਿਕ,
ਧਾੜਾਘੇਘੇ ਨਗਤਿਕ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਾਧਿ ਨ੍ਧਿਨਗ ॥

### ਬੰਧ # 3

ਧਾੜਾਘੇਘੇ ਨਗਤਿਕ ਤਿਕਧਾੜਾ ਘੇਘੇਨਗ ਤਿਟਤਿਟ, ਕਿਟਨਾੜਾ ਗਧਾਤਿਟ ਘਿਨਾਨਗ,

ਤਿਟਘਿਨਾ ਨਗਤਿਕ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਾਤਿ ਨ੍ਤਿਨਕ ।
ਤਾੜਾਕੇਕੇ ਨਕਤਿਕ ਤਿਕਤਾੜਾ ਕੇਕੇਨਕ ਤਿਟਤਿਟ, ਕਿਟਨਾੜਾ ਕਤਾਤਿਟ ਕਿਨਾਨਕ,
ਤਿਟਘਿਨਾ ਨਗਤਿਕ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਧਿ ਨ੍ਧਿਨਗ ॥

**ਬੰਧ # 4**

ਤਿਕਤਿਕ ਧਾੜਾਘੇਘੇ ਨਗਤਿਕ ਤਿਕਧਾੜਾ, ਘੇਘੇਨਗ ਤਿਕਘਿੜ ਨਗਤਿਕ ਘਿੜਨਗ,
ਤਿਟਘਿਨਾ ਨਗਤਿਕ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਤਿ ਨ੍ਤਿਨਕ ।
ਤਿਕਤਿਕ ਤਾੜਾਕੇਕੇ ਨਕਤਿਕ ਤਿਕਤਾੜਾ, ਕੇਕੇਨਕ ਤਿਕਕਿੜ ਨਕਤਿਕ ਕਿੜਨਕ,
ਤਿਟਘਿਨਾ ਨਗਤਿਕ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਧਿ ਨ੍ਧਿਨਗ ॥

**ਬੰਧ # 5**

ਧਾੜਾਘੇਘੇ ਨਗਧਾੜਾ ਘੇਘੇਨਗ ਤਿਕਤਿਕ, ਘਿਨਾਨਗ ਤਿਕਘਿਨਾ ਨਗਤਿਕ ਘਿਨਾਨਗ,
ਤਿਟਘਿਨਾ ਨਗਤਿਕ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਤਿ ਨ੍ਤਿਨਕ ।
ਤਾੜਾਕੇਕੇ ਨਕਤਾੜਾ ਕੇਕੇਨਕ ਤਿਕਤਿਕ, ਕਿਨਾਨਕ ਤਿਕਕਿਨਾ ਨਕਤਿਕ ਕਿਨਾਨਕ,
ਤਿਟਘਿਨਾ ਨਗਤਿਕ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਧਿ ਨ੍ਧਿਨਗ ॥

**ਬੰਧ # 6**

ਤਿਕਘਿਨਾ ਨਗਤਿਕ ਤਿਕਘਿਨਾ ਨਗਤਿਕ, ਤਿਕਤਿਕ ਘਿਨਾਨਗ ਤਿਟਤਿਟ ਘਿਨਾਨਗ,
ਤਿਟਤਿਟ ਤਿਟਤਿਟ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਤਿ ਨ੍ਤਿਨਕ ।
ਤਿਕਕਿਨਾ ਨਕਤਿਕ ਤਿਕਕਿਨਾ ਨਕਤਿਕ, ਤਿਕਤਿਕ ਕਿਨਾਨਕ ਤਿਟਤਿਟ ਕਿਨਾਨਕ,
ਤਿਟਤਿਟ ਤਿਟਤਿਟ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਾਧਿ ਨ੍ਧਿਨਗ ॥

**ਬੰਧ # 7**

ਤਿਕਤਿਕ ਤਿਕਘਿਨਾ ਨਗਤਿਕ ਤਿਕਘਿਨਾ ਨਗਤਿਕ ਘਿਨਾਨਗ ਤਿਟਤਿਟ ਘਿਨਾਨਗ,
ਤਿਟਤਿਟ ਤਿਟਤਿਟ ਘਿਨਾਨਗ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਤਿ ਨ੍ਤਿਨਕ ।
ਤਿਕਤਿਕ ਤਿਕਕਿਨਾ ਨਕਤਿਕ ਤਿਕਕਿਨਾ ਨਕਤਿਕ ਕਿਨਾਨਕ ਤਿਟਤਿਟ ਕਿਨਾਨਕ,
ਤਿਟਤਿਟ ਤਿਟਤਿਟ ਘਿਨਾਨਗ ਤਿਟਤਿਟ ਕਿਟਨਾੜਾ ਗਧਾਤਿਟ ਧਾਗੇਨਧਿ ਨ੍ਧਿਨਗ ॥

**ਬੰਧ # 8**

ਧਾੜਾਘੇਘੇ ਨਗਤਿਟ ਕਿਟਨਾੜਾ ਗਧਾਤਿਟ ਕਿਟਨਾੜਾ ਗਧਾਤਿਟ ਘਿਨਾਨਗ ਤਿਟਤਿਟ,
ਤਿਟਤਿਟ ਘਿਨਾਨਗ ਤਿਟਤਿਟ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਾਤਿਨ੍ਤਿਨਕ ।
ਤਾੜਾਕੇਕੇ ਨਕਤਿਟ ਕਿਟਨਾੜਾ ਕਤਾਤਿਟ ਕਿਟਨਾੜਾ ਕਤਾਤਿਟ ਕਿਨਾਨਕ ਤਿਟਤਿਟ,
ਤਿਟਤਿਟ ਘਿਨਾਨਗ ਤਿਟਤਿਟ ਤਿਟਤਿਟ, ਕਿਟਨਾੜਾ ਗਧਾਤਿਟ ਧਾਗੇਨਧਿ ਨ੍ਧਿਨਗ ॥

**ਕਾਇਦੇ ਦਾ ਮੁਕਾਮ (ਚਕਰਦਾਰ)**

ਤਿਕਘਿਨਾ ਨਗਤਿਕ ਘਿਨਾਨਗ ਧਾੜਾਘੇਘੇ ਨਗਤਿਟ ਕੜਾ-ਨ ਧਾ---, ਕੜਾ-ਨ ਧਾ-,
ਕੜਾ-ਨ ਧਾ---, ਤਿਕਘਿਨਾ ਨਗਤਿਕ ਘਿਨਾਨਗ ਧਾੜਾਘੇਘੇ ਨਗਤਿਟ ਕੜਾ-ਨ ਧਾ---,
ਕੜਾ-ਨ ਧਾ---, ਕੜਾ-ਨ ਧਾ---, ਤਿਕਘਿਨਾ ਨਗਤਿਕ ਘਿਨਾਨਗ ਧਾੜਾਘੇਘੇ ਨਗਤਿਟ
ਕੜਾ-ਨ ਧਾ---, ਕੜਾ-ਨ ਧਾ---, ਕੜਾ-ਨ । ਧਾ---,

x


# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ
ਜਿਲ੍ਹਾ-ਗੁਰਦਾਸਪੁਰ, ਪੰਜਾਬ (ਭਾਰਤ)
ਫੋਨ ਨੰ: +91-98143 49658
Email: harbhajansinghdhariwal@gmail.com

RNI Regd. No. 46788/89 ISSN 0972-2335

